# ਸੁਪਨੇ ਸੌਣ ਨਾ ਦਿੰਦੇ

(ਗ਼ਜ਼ਲ-ਸੰਗ੍ਰਹਿ)

ਗਰਦਿਸ਼ ਮੈਨੂੰ ਖੜ੍ਹਨ ਨਾ ਦੇਵੇ ਤਾਰੇ ਭੌਣ ਨਾ ਦਿੰਦੇ
ਜਾਗਦਿਆਂ ਟੁੱਟ ਜਾਵਣ ਫਿਰ ਵੀ ਸੁਪਨੇ ਸੌਣ ਨਾ ਦਿੰਦੇ

# ਸੁਪਨੇ ਸੌਣ ਨਾ ਦਿੰਦੇ

ਗੌਤਮ

ਗ਼ਜ਼ਲ ਮੰਚ, ਸਰੀ (ਕਨੇਡਾ)

Supne Saun Na Dinde

Panjabi Ghazals by :
*Gautam*

Address :
14718, 88 Ave
Surrey BC
Canada
e-mail : davinder2005@hotmail.com
Mobile : 001 604 825 6960

**ISBN : 978-1-7773553-0-2**

© Author

First Edition : 2020

Publisher : Ghazal Manch Surrey (Canada)
14718, 88 Avenue
Surrey, B.C., CANADA

Distributor : 5aab Parkashan
1-2 Desh Bhagat Memorial Building,
Jalandhar (Punjab)
M : 98140-87063
email : 5aabparkashan@gmail.com
www.5aaabparkashan.com

Title : Arnav Gautam, Aarav Gautam

Printer : Printwell, Amritsar

Price : Hardbound Rs.125 $12
Paperback Rs.100 $8

## ਸਮਰਪਣ

*ਮੈਂ ਆਪਣਾ ਇਹ ਪਲੇਠਾ ਗ਼ਜ਼ਲ-ਸੰਗ੍ਰਹਿ ਉਨ੍ਹਾਂ ਰੂਹਾਂ, ਵਸਤੂਆਂ ਤੇ ਸਥਾਨਾਂ ਨੂੰ ਸਮਰਪਿਤ ਕਰਦਾ ਹਾਂ ਜੋ ਕਿਸੇ ਨਾ ਕਿਸੇ ਰੂਪ ਵਿਚ ਮੇਰੇ ਲਈ ਪ੍ਰੇਰਣਾ ਸਰੋਤ ਬਣੇ*

# ਗੌਤਮ ਦੀ ਸ਼ਾਇਰੀ

ਅਜੋਕੀ ਪੰਜਾਬੀ ਗ਼ਜ਼ਲ ਦੇ ਖੇਤਰ ਵਿਚ ਉੱਭਰਦੇ ਹਸਤਾਖ਼ਰਾਂ ਵਿਚ ਗੌਤਮ ਦਾ ਨਾਮ ਪਹਿਲੀ ਕਤਾਰ ਦੇ ਸ਼ਾਇਰਾਂ ਵਿਚ ਸ਼ਾਮਿਲ ਹੋਣ ਦਾ ਵਾਜਿਬ ਹੱਕ ਰੱਖਦਾ ਹੈ। ਜਿੰਨੀ ਮਿੱਠੀ ਅਤੇ ਹਲੀਮੀ ਭਰੀ ਉਸਦੀ ਸ਼ਖ਼ਸੀਅਤ ਹੈ, ਓਨੀ ਹੀ ਅਸਰਦਾਰ ਅਤੇ ਖ਼ੂਬਸੂਰਤ ਉਸਦੀ ਗ਼ਜ਼ਲ ਹੈ। ਮੌਨ ਸਾਧਨਾ ਕਰ ਰਿਹਾ ਇਹ ਸ਼ਾਇਰ ਬਿਨਾਂ ਕਿਸੇ ਸ਼ੋਰ ਅਤੇ ਢੋਲ-ਢਮੱਕੇ ਦੇ ਬਿਹਤਰੀਨ ਗ਼ਜ਼ਲਾਂ ਦੀ ਸਿਰਜਣਾ ਕਰਕੇ ਪੰਜਾਬੀ ਗ਼ਜ਼ਲ ਦਾ ਵਿਸਤਾਰ ਕਰ ਰਿਹਾ ਹੈ। ਅਖੌਤੀ ਗ਼ਜ਼ਲ ਉਸਤਾਦਾਂ ਦੀ ਢਾਲ ਲੈ ਕੇ ਬੇਹੱਦ ਕਮਜ਼ੋਰ ਗ਼ਜ਼ਲ ਲਿਖਣ ਦੀ ਭੀੜ ਦੇ ਮੁਕਾਬਲੇ, ਉਹ ਸਹਿਜ ਰੂਪ ਵਿਚ ਮਾਨਣਯੋਗ ਅਤੇ ਮਾਣਯੋਗ ਗ਼ਜ਼ਲਾਂ ਪੰਜਾਬੀ ਪਾਠਕਾਂ ਦੀ ਝੋਲੀ ਵਿਚ ਪਾ ਰਿਹਾ ਹੈ।

ਗ਼ਜ਼ਲ ਅਸਲ ਵਿਚ ਕਵਿਤਾ ਦਾ ਅਤਿ ਵਿਸ਼ੇਸ਼ ਕਾਵਿ-ਰੂਪ ਹੈ। ਸ਼ਾਇਦ ਸਭ ਤੋਂ ਵੱਧ ਸਾਹਿਤ ਸਾਧਨਾ ਦੀ ਮੰਗ ਕਰਨ ਵਾਲਾ ਸਰੂਪ। ਇੱਕੋ ਸਮੇਂ ਬਹਿਰ, ਕਾਫ਼ੀਆ ਰਦੀਫ਼ ਦੀਆਂ ਬੰਦਿਸ਼ਾਂ ਦਾ ਧਿਆਨ ਰੱਖਦੇ ਹੋਏ ਇੱਕ ਸ਼ਿਅਰ ਵਿਚ ਮੁਕੰਮਲ ਅਹਿਸਾਸ ਜਾਂ ਵਿਚਾਰ ਦੀ ਸਹਿਜ ਪੇਸ਼ਕਾਰੀ ਬਹੁਤ ਸਾਧਨਾ ਦੀ ਮੰਗ ਕਰਦੀ ਹੈ। ਗੌਤਮ ਇਨ੍ਹਾਂ ਸਾਰੀਆਂ ਕਸਵੱਟੀਆਂ ਉੱਤੇ ਪੂਰਾ ਉੱਤਰਦਾ ਦਿਲਕਸ਼ ਸ਼ਿਅਰਾਂ ਦੀ ਸਿਰਜਣਾ ਕਰਨ ਦੀ ਕ੍ਰਿਸ਼ਮਈ ਸਮਰੱਥਾ ਰੱਖਦਾ ਹੈ।

ਬੜਾ ਵੱਡਾ ਤੇਰਾ ਰੁਤਬਾ ਬੁਝੀ ਪਰ ਪਿਆਸ ਨਾ ਸਾਡੀ
ਨਦੀ ਵਰਗਾ ਕਦੇ ਮਿੱਠਾ ਇਹ ਸਾਗਰ ਹੋ ਨਹੀਂ ਸਕਦਾ

ਵਰਗਾ ਬਾਕਮਾਲ ਸ਼ਿਅਰ ਕੋਈ ਵਿਰਲਾ ਸ਼ਾਇਰ ਹੀ ਰਚ ਸਕਦਾ ਹੈ। ਕਿੰਨਾ ਡੂੰਘਾ ਅਹਿਸਾਸ ਪਰ ਕਿੰਨਾ ਸਹਿਜ ਅਤੇ ਸੁਹਜ ਭਰਿਆ ਪ੍ਰਗਟਾਵਾ। ਕਿੰਨੀ ਰਵਾਨੀ ਅਤੇ ਸੰਗੀਤਾਤਮਕਤਾ। ਅਜਿਹੀ ਗ਼ਜ਼ਲ ਹੀ ਪੰਜਾਬੀ ਗ਼ਜ਼ਲ ਦਾ ਮਾਣਯੋਗ ਸਿਰਨਾਵਾਂ ਬਣੇਗੀ। ਮੈਂ ਸਮਝਦਾ ਹਾਂ ਕਿ ਕੋਰੀ ਭਾਵੁਕਤਾ ਤੋਂ ਪੱਲਾ ਛੁਡਾ ਚਿੰਤਨ ਅਤੇ ਸੂਖ਼ਮ ਅਹਿਸਾਸ ਨਾਲ ਪੀਡੀ ਸਾਂਝ ਪਾ ਕੇ ਪੰਜਾਬੀ ਗ਼ਜ਼ਲ ਦੇ ਨੈਣ ਨਕਸ਼ ਹੋਰ ਤਿੱਖੇ ਅਤੇ ਆਕਰਸ਼ਕ ਕੀਤੇ ਜਾਣ ਦੀ ਲੋੜ ਹੈ। ਇਸ ਦ੍ਰਿਸ਼ਟੀਕੋਣ ਤੋਂ ਵੀ ਗੌਤਮ ਲਾਜਵਾਬ ਸ਼ਾਇਰੀ ਕਰ ਰਿਹਾ ਹੈ। ਹੇਠ ਲਿਖੇ ਕੁਝ ਸ਼ਿਅਰ ਇਸਦੀ ਪੁਖ਼ਤਾ ਗਵਾਹੀ ਹਨ—

ਦਰਦ ਮੇਰੇ ਨੂੰ ਟੇਕ ਕੇ ਮੱਥਾ ਫਿਰ ਵਾਪਸ ਮੁੜ ਆਈ ਹੈ
ਭਾਵੇਂ ਮੇਰੇ ਅੰਦਰੋਂ ਨਿਕਲੀ ਪਰ ਇਹ ਚੀਕ ਪਰਾਈ ਹੈ

ਘਟਾ ਸੱਦੀ ਸੀ ਪਰਬਤ ਨੇ, ਤੇ ਜਾ ਪਹੁੰਚੀ ਥਲਾਂ ਅੰਦਰ
ਬਣੇ ਬੂੰਦਾਂ ਦੇ ਜਦ ਨਗ਼ਮੇ ਤਾਂ ਪੱਥਰ ਗਾਉਣ ਨੂੰ ਤਰਸੇ

ਇਹਦੀ ਹਰ ਡਾਲ 'ਤੇ ਧੋਖਾ ਇਹਦੇ ਹਰ ਪੱਤ ਵਿਚ ਨਫ਼ਰਤ
ਜਲਾ ਦੇਵੇ ਜੋ ਇਹ ਜੰਗਲ, ਸ਼ਰਾਰਾ ਭਾਲਦਾ ਹੈ ਦਿਲ

ਕਰਨਾ ਹੈ ਦੂਰ ਕੂੜਾ ਸਦੀਆਂ ਤੋਂ ਜੋ ਪਿਆ
ਦੇਣਾ ਹੈ ਬੱਚਿਆਂ ਨੂੰ ਇਹ ਘਰ ਸੰਵਾਰ ਕੇ

ਪੰਜਾਬੀ ਕਾਵਿ ਅਤੇ ਖ਼ਾਸ ਕਰ ਕੇ ਪੰਜਾਬੀ ਗ਼ਜ਼ਲ ਦਾ ਇਕ ਵੱਡਾ ਹਿੱਸਾ ਗਵਾਚੇ ਪਿਆਰ ਦੇ ਰੁਦਨ ਅਤੇ ਵਿਪਰੀਤ ਸਥਿਤੀਆਂ ਦੇ ਸਨਮੁੱਖ ਵਿਰਲਾਪ ਵਿਚ ਹੀ ਗੁੰਮ-ਗਵਾਚ ਜਾਂਦਾ ਹੈ। ਸਮਾਜਿਕ ਸਰੋਕਾਰਾਂ ਨੂੰ ਚਿੰਤਨ ਦੀ ਪੱਧਰ ਉੱਤੇ ਨਜਿੱਠਣ ਦੀ ਸਮਰੱਥਾ ਬਹੁਤੀ ਪੰਜਾਬੀ ਗ਼ਜ਼ਲ ਵਿਚ ਨਦਾਰਦ ਹੈ। ਜਦੋਂ ਚਿੰਤਾ ਚਿੰਤਨ ਦੇ ਰਾਹੀਂ ਕਟਾਖ਼ਸ਼ ਤੱਕ ਦਾ ਸਫ਼ਰ ਤੈਅ ਕਰਦੀ ਹੈ ਤਾਂ ਸਾਂਭਣਯੋਗ ਸਾਹਿਤ ਪੈਦਾ ਹੁੰਦਾ ਹੈ। ਇਹ ਪ੍ਰਾਪਤੀ ਗੌਤਮ ਦੀ ਸ਼ਾਇਰੀ ਵਿਚ ਨਜ਼ਰ ਆਉਂਦੀ ਹੈ। ਨਿਮਨੋਕਤ ਸ਼ਿਅਰ ਇਸ ਦੀ ਗਵਾਹੀ ਹਨ—

ਬੜੀ ਰੌਣਕ, ਬੜੀ ਮਾਇਆ ਤੇਰੇ ਦਰਬਾਰ ਦੇ ਉੱਤੇ
ਕਮਾਉਂਦੀ ਪਾਪ ਜੋ ਦੁਨੀਆ ਤੇਰਾ ਹਿੱਸਾ ਚੜ੍ਹਾਉਂਦੀ ਹੈ

ਬੜੀ ਗ਼ੁਰਬਤ, ਜ਼ਲਾਲਤ ਵਿੱਚ ਮਰ-ਮਰ ਜੀ ਰਹੇ ਲੋਕੀ
ਭਲਾ ਫਿਰ ਹੋਰ ਕਿਹੜਾ ਨਰਕ ਹੈ, ਸੰਸਾਰ ਤੋਂ ਅੱਗੇ

ਬਚਾਵੋ ਆਪ ਹੀ ਕਲੀਆਂ ਇਹ ਮੌਸਮ ਹੋ ਗਿਆ ਹਵਸੀ
ਗਵਾਚੀ ਆਬਰੂ ਪੁੱਛੇ ਕਿ ਪਹਿਰੇਦਾਰ ਹੈ ਕਿੱਥੇ

ਗੌਤਮ ਦੀ ਬੇਬਾਕ ਅਤੇ ਬੇਖ਼ੌਫ਼ ਸ਼ਾਇਰੀ ਦੇ ਹਵਾਲੇ ਬਗ਼ੈਰ ਉਸਦੀ ਸਿਰਜਣ ਪ੍ਰਕਿਰਿਆ ਦੀ ਵਿਸ਼ਾਲਤਾ ਨੂੰ ਪੂਰੀ ਤਰ੍ਹਾਂ ਨਾ ਸਮਝਿਆ ਜਾ ਸਕਦਾ ਹੈ ਨਾ ਹੀ ਸਲਾਹਿਆ—

ਬਗ਼ਾਵਤ ਕਰ ਹੀ ਜਾਂਦੇ ਨੇ, ਹਵਾ ਪਾਣੀ ਅਤੇ ਮਿੱਟੀ
ਸਿਤਮ ਨੂੰ ਰੋਕਣੇ ਵਾਲੀ ਜਦੋਂ ਤਲਵਾਰ ਨਾ ਚੱਲੇ

ਇਸ ਕੋਮਲ ਭਾਵੀ ਸ਼ਾਇਰ ਦੀ ਸੰਵੇਦਨਸ਼ੀਲ ਸ਼ਾਇਰੀ ਪਾਠਕ ਦੀ ਚੇਤਨਾ ਉੱਤੇ ਦਸਤਕ ਦੇਣ ਦਾ ਸਾਹਿਤਕ ਅਤੇ ਸਮਾਜਿਕ ਫ਼ਰਜ਼ ਪੂਰੀ ਇਮਾਨਦਾਰੀ ਨਾਲ ਨਿਭਾਉਣ ਸਦਕਾ ਸਲਾਹੁਣ ਯੋਗ ਵੀ ਹੈ ਅਤੇ ਸਵਾਗਤ ਯੋਗ ਵੀ।

***—ਹਰਦਿਆਲ ਸਾਗਰ***

## .ਗ਼ਜ਼ਲ ਆਕਾਸ਼ ’ਤੇ ਉੱਭਰਦਾ ਰੌਸ਼ਨ ਸਿਤਾਰਾ—ਗੌਤਮ

ਗੌਤਮ, ਆਪਣੇ ਪਲੇਠੇ .ਗ਼ਜ਼ਲ-ਸੰਗ੍ਰਹਿ ‘ਸੁਪਨੇ ਸੌਣ ਨਾ ਦਿੰਦੇ’ ਨਾਲ਼ ਪੰਜਾਬੀ .ਗ਼ਜ਼ਲ ਦੇ ਬੂਹੇ ’ਤੇ ਦਸਤਕ ਦੇ ਰਿਹਾ ਹੈ। ਭਾਵੇਂ ਉਸਦੀ .ਗ਼ਜ਼ਲ ਦਾ ਸਫ਼ਰ ਅਜੇ ਬਹੁਤਾ ਪੁਰਾਣਾ ਨਹੀਂ, ਪਰ ਉਸਦਿਆਂ ਸ਼ਿਅਰਾਂ ਵਿੱਚੋਂ ਪੁਖ਼ਤਗੀ ਝਲਕਦੀ ਹੈ। ਸਿਰਜਣਾ ਦਾ ਦਰਦ ਤੇ ਸੰਵੇਦਨਾ ਨਾਲ਼ ਬਹੁਤ ਨਜ਼ਦੀਕ ਦਾ ਸੰਬੰਧ ਹੈ। ਜਨਮ-ਪੀੜਾ ਤੋਂ ਬਿਨਾਂ ਕੋਈ ਵੀ ਸਿਰਜਣਾ ਸੰਭਵ ਨਹੀਂ। ਜਨਮ-ਪੀੜਾ ਨਾਲ਼ ਜਿੱਥੇ ਅਥਾਹ ਦਰਦ ਸਹਾਰਨਾ ਪੈਂਦਾ ਹੈ, ਓਥੇ ਸਿਰਜਣਾ ਦਾ ਆਨੰਦ ਵੀ ਮਹਿਸੂਸ ਹੁੰਦਾ ਹੈ। ਸੋ ਸਿਰਜਣਾ, ਆਨੰਦ ਤੇ ਪੀੜ ਦੇ ਸੁਮੇਲ ’ਚੋਂ ਹੀ ਪੈਦਾ ਹੁੰਦੀ ਹੈ। ਇਸ ਤਰ੍ਹਾਂ ਸਿਰਜਣਾ ਇੱਕ ਕਰਤਾਰੀ ਕਰਮ ਹੋ ਨਿਬੜਦੀ ਹੈ। ਸਿਰਜਣਾ ਅਸਲ ਵਿਚ ਸੰਵੇਦਨਾ, ਅਨੁਭਵ, ਅਹਿਸਾਸ ਦਾ ਸੁਮੇਲ ਹੈ।

ਪੀੜ ਦੀ ਬਹੁਲਤਾ ਜਦ ਸੰਵੇਦਨਾ ਦੇ ਸੇਕ ਨਾਲ਼ ਪਿਘਲਦੀ ਹੈ, ਤਾਂ ਸਿਰਜਣਾ ਦੀ ਧਾਰਾ ਵਹਿ ਨਿਕਲਦੀ ਹੈ। ਖ਼ਿਆਲਾਂ ਦੀ ਇਸ ਜਲ-ਧਾਰਾ ਵਿਚ ਜਦ ਕਿਸੇ ਖ਼ਿਆਲ ਦੀ ਸਿੱਪੀ ਵਿਚ, ਸੰਵੇਦਨਾ ਦੀ ਬੂੰਦ ਪੈ ਜਾਂਦੀ ਹੈ ਤਾਂ ਸਮਾਂ ਪਾ ਕੇ ਉਸੇ ਖ਼ਿਆਲ ਦੀ ਸਿੱਪੀ ਚੋਂ ਸ਼ਿਅਰ ਦਾ ਮੋਤੀ ਜਲਵਾ-ਨੁਮਾ ਹੁੰਦਾ ਹੈ। ਜਦ ਕਿਸੇ ਸੰਵੇਦਨਸ਼ੀਲ ਵਿਅਕਤੀ ਦੇ ਸੁਪਨੇ, ਰੀਝਾਂ, ਇੱਛਾਵਾਂ ਮਰਦੀਆਂ ਨੇ ਤਾਂ ਉਹ ਮਨ ਦੇ ਕਿਸੇ ਕੋਨੇ ’ਚ ਦਫ਼ਨ ਹੋ ਜਾਂਦੀਆਂ ਨੇ, ਸਮਾਂ ਪਾ ਕੇ ਉਹਨਾਂ ਵਿੱਚੋਂ ਹੀ ਕੋਈ ਸੁਪਨਾ, ਇੱਛਾ ਜਾਂ ਰੀਝ, ਸੰਵੇਦਨਾ ਦੇ ਸੇਕ, ਅਹਿਸਾਸ ਦੀ ਸ਼ਿੱਦਤ ਨਾਲ, ਸ਼ਿਅਰ ਰੂਪੀ ਹੀਰੇ ਵਿਚ ਪ੍ਰਗਟ ਹੋ ਜਾਂਦੀ ਹੈ।

ਫ਼ਾਰਸੀ ਦਾ ਇਕ ਕਥਨ ਹੈ, ‘ਸ਼ਾਇਰੀ ਜੁਜ਼ ਪੈਗੰਬਰੀ ਅਸਤ’ ਭਾਵ ਸ਼ਾਇਰੀ ਪੈਗੰਬਰੀ ਦਾ ਹੀ ਇੱਕ ਅੰਗ ਹੈ। ਇਸੇ ਕਰਕੇ ਪੁਰਾਣੇ ਵਿਦਵਾਨਾਂ ਨੂੰ ਰਿਸ਼ੀ ਦਾ ਲਕਬ ਦਿੱਤਾ ਜਾਂਦਾ ਰਿਹਾ ਹੈ। ਕੋਈ ਵੀ ਲਿਖਤ ਨਿੱਜੀ ਪੀੜ ਤੋਂ ਸ਼ੁਰੂ ਹੋ ਕੇ ਸਮੂਹਕ ਪੀੜ ਵੱਲ ਸਫ਼ਰ ਕਰਦੀ ਹੈ। ਗੌਤਮ ਦੀ ਸ਼ਾਇਰੀ ਵੀ ਸਮਾਜਿਕ ਸਰੋਕਾਰਾਂ ਨੂੰ ਮੁਖ਼ਾਤਿਬ ਹੈ। ਸਮਾਜ ਦਾ ਕੋਈ ਅਜੇਹਾ ਪੱਖ ਨਹੀਂ, ਜਿਹੜਾ ਉਸਦੀ ਕਲਮ ਦੀ ਛੋਹ ਤੋਂ ਅਣਭਿੱਜ ਰਿਹਾ ਹੋਵੇ। ਸਮਾਜਿਕ, ਆਰਥਿਕ, ਰਾਜਨੀਤਕ, ਨੈਤਿਕ, ਧਾਰਮਿਕ, ਸੱਭਿਆਚਾਰਕ, ਸਰੋਕਾਰਾਂ ਨੂੰ ਉਸਦੀ ਕਲਮ ਸੰਬੋਧਿਤ ਹੈ। ਉਹ ਸਥਾਪਤੀ ਦੇ ਸੋਹਲੇ ਨਹੀਂ ਗਾਉਂਦੀ,

ਸਗੋਂ ਦੱਬੇ-ਕੁਚਲੇ ਲੋਕਾਂ ਦੀ ਜ਼ੁਬਾਨ ਬਣਦੀ ਹੈ। ਧੱਕੇਸ਼ਾਹੀ, ਪਖੰਡ, ਦੰਭ, ਦੋਗਲਾਪਣ, ਭ੍ਰਿਸ਼ਟਾਚਾਰ, ਉਸਦੇ ਨਜ਼ਰੀਂ ਪੈਂਦਾ ਹੈ, ਤਾਂ ਉਸਦੀ ਕਲਮ ਬੇਬਾਕੀ ਤੇ ਨਿੱਡਰਤਾ ਨਾਲ ਆਪਣੀ ਵਿਦਰੋਹੀ ਆਵਾਜ਼ ਬੁਲੰਦ ਕਰਦੀ ਹੈ।

ਗੌਤਮ ਦੀ ਸੋਚ ਵਿਗਿਆਨਕ, ਅਗਾਂਹਵਧੂ ਤੇ ਯਥਾਰਥਵਾਦੀ ਹੈ। ਵਿਗਿਆਨਕ ਨਜ਼ਰੀਏ ਕਰਕੇ ਹੀ ਉਹ ਪ੍ਰਾਕਿਰਤੀ ਦੇ ਵਿਕਾਸ ਤੇ ਜੀਵਨ ਪ੍ਰਵਾਹ ਨੂੰ ਕਿੰਨੀ ਖੂਬਸੂਰਤੀ ਨਾਲ, ਇੱਕੋ ਮਤਲੇ ਵਿਚ ਬਿਆਨ ਕਰ ਜਾਂਦਾ ਹੈ—

ਘਟਾ, ਪਰਬਤ, ਨਦੀ, ਸਾਗਰ, ਉਹ ਏਸੇ ਰਾਹ ਗਈ ਮੁੜ ਕੇ
ਤੁਰੀ ਸੀ ਜਿਸ ਜਗ੍ਹਾ ਤੋਂ ਬੂੰਦ, ਵਾਪਿਸ ਆ ਗਈ ਮੁੜ ਕੇ

ਉਹ ਸੰਵੇਦਨਸ਼ੀਲ ਹੋਣ ਦੇ ਨਾਲ਼ ਨਾਲ਼ ਚਿੰਤਨਸ਼ੀਲ ਵੀ ਹੈ, ਉਹ ਚਿੰਤਾਗ੍ਰਸਤ ਲੋਕਾਂ ਨੂੰ ਆਪਣੀ ਚਿੰਤਾ ਨੂੰ ਚਿੰਤਨ ਵਿਚ ਤਬਦੀਲ ਕਰਨ ਦਾ ਸੱਦਾ ਦਿੰਦਾ ਹੈ—

ਸਦਾ ਚਿੰਤਾ ਦੇ ਵਿਚ ਰਹਿਨੈਂ, ਕਦੇ ਚਿੰਤਨ ਦੇ ਵਿਚ ਵੀ ਆ
ਜੋ ਹੋਰਾਂ ਨੂੰ ਪਿਆ ਕਹਿਨੈਂ, ਕਦੇ ਖ਼ੁਦ ਨੂੰ ਵੀ ਤਾਂ ਸਮਝਾ

ਗੌਤਮ ਦੀ ਸ਼ਾਇਰੀ ਸਮਾਜਿਕ ਸਰੋਕਾਰਾਂ ਨੂੰ ਮੁਖ਼ਾਤਿਬ ਹੈ, ਤਦੇ ਹੀ ਉਹ ਰਾਜਨੀਤਕ, ਆਰਥਿਕ, ਅਖੌਤੀ ਧਾਰਮਿਕ, ਖੇਤਰਾਂ ਵਿਚ ਪਸਰੇ ਦੰਭ ਨੂੰ ਬੇਕਿਰਕੀ ਨਾਲ ਨੰਗਿਆਂ ਕਰਦਾ ਹੈ, ਤੇ ਇਸ ਦੇ ਪਿੱਛੇ ਛੁਪੇ ਹੋਏ ਚਿਹਰਿਆਂ ਤੋਂ ਮੁਖੌਟੇ ਉਤਾਰ ਕੇ, ਉਹਨਾਂ ਦੇ ਚਿਹਰੇ ਦਿਖਾਉਂਦਾ ਹੈ।

ਕਈ ਚਿਹਰੇ ਨੇ ਹਾਸਿਲ ਉਂਝ ਸਭ ਨੂੰ
ਮੁਹਾਰਤ ਇਹ, ਕਦੋਂ ਕਿਹੜਾ ਲਗਾਵੇ

ਉਹ ਸਮਾਜ ਵਿਚ ਪਸਰੀ ਕਾਣੀ-ਵੰਡ ਪ੍ਰਤੀ ਸੁਚੇਤ ਹੈ—

ਮੈਂ ਕਾਣੀ ਵੰਡ ਨੂੰ ਪਾਵਾਂ, ਕਿਵੇਂ ਕਰਮਾਂ ਦਾ ਇਹ ਚੋਲ਼ਾ
ਮੁਸ਼ੱਕਤ ਕਰਨ 'ਤੇ ਵੀ ਜੇ ਮੇਰਾ ਘਰ-ਬਾਰ ਨਾ ਚੱਲੇ

ਕਹਿਣ ਨੂੰ ਤਾਂ ਭਾਵੇਂ ਸਾਡੇ ਦੇਸ ਵਿਚ ਲੋਕ-ਤੰਤਰ ਹੈ, ਪਰ ਏਸ ਮੁਖੌਟੇ ਪਿੱਛੇ ਜੋਕ-ਤੰਤਰ ਦਾ ਘਿਨਾਉਣਾ ਚਿਹਰਾ ਹੈ। ਹਾਕਮ ਜਮਾਤ ਲੋਕ-ਹਿੱਤਾਂ ਦੀ ਨਹੀਂ ਸਗੋਂ ਆਪਣੇ ਹਿੱਤਾਂ ਦੀ ਪੂਰਤੀ ਕਰਦੀ ਹੈ।

ਭਲਾ ਕਰਦੀ ਕਿਸਾਨੀ ਦਾ, ਕਿਵੇਂ ਸਰਕਾਰ ਹੈ ਦੇਖੋ
ਉਹ ਦੇ ਕੇ ਕਰਜ਼ ਖੇਤਾਂ ਨੂੰ, ਘਰਾਂ ਨੂੰ ਖਾ ਗਈ ਮੁੜ ਕੇ

ਭਾਵੇਂ ਦੇਸ ਆਜ਼ਾਦ ਹੋ ਗਿਆ, ਅੰਗਰੇਜ਼ ਚਲੇ ਗਏ ਪਰ ਸਾਡੀ ਹਾਕਮ ਜਮਾਤ

ਦੀ ਓਹੋ ਪੁਰਾਣੀ ਨੀਤੀ 'ਪਾੜੋ ਤੇ ਰਾਜ ਕਰੋ' ਨਵੀਂ ਹਾਕਮ ਜਮਾਤ ਦਾ ਪ੍ਰਮੁੱਖ ਹਥਿਆਰ ਬਣ ਚੁੱਕੀ ਹੈ ਤੇ ਸਾਡੇ ਲੋਕ ਹੁਣ ਤੀਕ ਵੀ ਇਹ ਨੀਤੀ ਸਮਝ ਨਹੀਂ ਸਕੇ ਤੇ ਨਿੱਕੀ-ਨਿੱਕੀ ਗੱਲ 'ਤੇ ਇਕ ਦੂਜੇ ਦੀ ਧੌਣ ਲਾਹ ਦੇਣ ਤੋਂ ਗ਼ੁਰੇਜ਼ ਨਹੀਂ ਕਰਦੇ—

ਹਿੰਦੂ ਤੇ ਨਾ ਹੀ ਮੁਸਲਿਮ, ਲੜਨਾ ਹੈ ਕੌਣ ਚਾਹੁੰਦਾ
ਸੱਤਾ ਦੀਆਂ ਨੇ ਜੁਗਤਾਂ, ਨਿੱਤ ਦੇ ਫ਼ਸਾਦ ਦੰਗੇ

ਗ਼ਜ਼ਲ ਅਜਿਹਾ ਕਾਵਿ-ਰੂਪ ਹੈ, ਜਿਸ ਵਿਚ ਖ਼ਿਆਲਾਂ ਦੀ ਬੁਲੰਦੀ, ਵਿਸ਼ਾ-ਵਸਤੂ ਦੇ ਨਾਲ਼-ਨਾਲ਼ ਇਸਦੇ ਰੂਪਕ ਪੱਖ ਤੋਂ ਵੀ ਅਵੇਸਲਾ ਨਹੀਂ ਹੋਇਆ ਜਾ ਸਕਦਾ। ਵਜ਼ਨ-ਬਹਿਰ ਤੇ ਇਸਦੇ ਵਿਧੀ-ਵਿਧਾਨ ਦੀ ਪਾਬੰਦੀ ਨਿਹਾਇਤ ਜ਼ਰੂਰੀ ਹੈ। ਗ਼ਜ਼ਲ, ਬਹਿਰ ਵਿਚ ਲਗ-ਮਾਤਰ ਦੀ ਵਾਧ-ਘਾਟ ਵੀ ਨਹੀਂ ਸਹਾਰਦੀ। ਵਜ਼ਨ-ਬਹਿਰ ਗ਼ਜ਼ਲ ਵਾਸਤੇ ਭਾਵੇਂ ਲਾਜ਼ਮੀ ਤਾਂ ਹਨ, ਪਰ ਵਜ਼ਨ-ਬਹਿਰ ਵਿਚ ਲਿਖੀ ਕੋਈ ਸਤਰ ਜ਼ਰੂਰੀ ਨਹੀਂ ਹੈ ਕਿ ਸ਼ਿਅਰ ਬਣਨ ਦਾ ਰੁਤਬਾ ਰੱਖਦੀ ਹੋਵੇ, ਇਸਦੇ ਤੁਕਬੰਦੀ ਬਣ ਜਾਣ ਦਾ ਖ਼ਦਸ਼ਾ ਬਣਿਆ ਰਹਿੰਦਾ ਹੈ। ਗ਼ਜ਼ਲਗੋ ਨੂੰ ਫ਼ਨ-ਏ-ਸ਼ਾਇਰੀ, ਭਾਵ ਸ਼ਾਇਰੀ ਦੇ ਗੁਣਾਂ ਬਾਰੇ ਜਾਣਕਾਰੀ ਹੋਣੀ ਜ਼ਰੂਰੀ ਹੈ। ਗ਼ਜ਼ਲ ਦੇ ਸ਼ਿਅਰ ਵਿਚ, ਜ਼ੁਬਾਨਦਾਨੀ, ਅੰਦਾਜ਼-ਏ-ਬਿਆਨ, ਤਕਾਬੁਲ, ਤਕਰਾਰ, ਤਜ਼ਾਦ, ਸਿਲਾਸਤ, ਮੁਬਾਲ਼ਗਾ, ਟੁਕੜੀਆਂ ਦੀ ਵਰਤੋਂ, ਮੰਜ਼ਰਕਸ਼ੀ ਤੇ ਹੋਰ ਅਨੇਕਾਂ ਗੁਣ ਹੋਣੇ ਜ਼ਰੂਰੀ ਨੇ।

ਸ਼ਾਇਰੀ ਦੇ ਅਨੇਕ ਗੁਣ, ਗੌਤਮ ਦੇ ਸ਼ਿਅਰਾਂ ਵਿਚ ਨਗੀਨਿਆਂ ਵਾਂਗ ਜੜੇ ਨਜ਼ਰ ਆਉਂਦੇ ਨੇ। ਸ਼ਿਅਰੀ ਖ਼ੂਬੀਆਂ ਨਾਲ਼ ਸਜੇ, ਫਬੇ ਕੁਝ ਸ਼ਿਅਰਾਂ ਦੀਆਂ ਉਦਾਹਰਣਾਂ ਪੇਸ਼ ਨੇ—

ਰਿਹਾ ਦਰਿਆ ਦਾ ਹੀ ਤਾਰੂ, ਸਮੁੰਦਰ ਤਰ ਨਹੀਂ ਹੋਇਆ (ਤਕਾਬੁਲ)
ਮੇਰੇ ਤੋਂ ਮਨ ਦੀਆਂ ਲਹਿਰਾਂ ਨੂੰ ਕਾਬੂ ਕਰ ਨਹੀਂ ਹੋਇਆ

ਨਦੀ ਦੇ ਵਾਂਗ ਹੀ ਨਿਕਲੇ, ਉਹ ਸੋਚਾਂ ਦੀ ਪਹਾੜੀ 'ਚੋਂ (ਰੂਪਕ)
ਕਈ ਵਾਰੀ ਕਿਹਾ ਰੁਕ ਜਾ ਅਜੇਹਾ ਪਰ ਨਹੀਂ ਹੋਇਆ

ਨਹੀਂ ਅਫ਼ਸੋਸ ਕੋਈ ਵੀ ਕਿ ਸਾਡੇ ਨਾਲ਼ ਨਾ ਨਿਭਿਆ (ਮੁਆਮਲਾਬੰਦੀ)
ਘੜਾ ਕੱਚਾ ਹੀ ਸੀ ਉਹ ਯਾਰ, ਤਾਂ ਹੀ ਖਰ ਗਿਆ ਹੋਣਾ

ਗ਼ਿਲਾ, ਸ਼ਿਕਵਾ, ਸ਼ਿਕਾਇਤ, ਰੰਜ, ਗੁੱਸਾ ਨਾ ਤੇਰੇ ਉੱਤੇ (ਟੁਕੜੀਆਂ)
ਲਵੀਂ ਤੂੰ ਸੋਚ ਉਹ ਗੌਤਮ ਹੈ ਇਸ ਲਈ ਜਰ ਗਿਆ ਹੋਣਾ

ਪਲਾਂ ਵਿਚ ਇਕ ਇਸ਼ਾਰੇ 'ਤੇ, ਬਦਲ ਜਾਂਦਾ ਗਣਿਤ ਮੇਰਾ (ਮੁਹਾਵਰੇਬੰਦੀ)
ਅਜਬ ਮਹਿਬੂਬ ਹੈ ਮੇਰਾ, ਕਦੇ ਤੋਲ਼ਾ, ਕਦੇ ਮਾਸਾ

ਬੜੀ ਰੌਣਕ, ਬੜੀ ਮਾਇਆ, ਤੇਰੇ ਦਰਬਾਰ ਦੇ ਉੱਤੇ (ਤਨਜ਼)
ਕਮਾਉਂਦੀ ਪਾਪ ਜੋ ਦੁਨੀਆ, ਤੇਰਾ ਹਿੱਸਾ ਚੜ੍ਹਾਉਂਦੀ ਹੈ

ਕਿਵੇਂ ਮੈਂ ਦੇ ਦਿਆਂ ਤੈਨੂੰ, ਖਿੜੇ ਫੁੱਲਾਂ ਜਿਹਾ ਦਰਜਾ (ਨਾਜ਼ੁਕ-ਬਿਆਨੀ)
ਕਿ ਨਖ਼ਰਾ ਹੋਰ ਹੁੰਦਾ ਹੈ, ਨਜ਼ਾਕਤ ਹੋਰ ਹੁੰਦੀ ਹੈ

ਗੌਤਮ ਦੀ ਸ਼ਾਇਰੀ ਅਜਿਹੇ ਗੁਣਾਂ ਨਾਲ ਭਰਪੂਰ ਹੈ। ਮੈਂ ਉਸਦੇ ਪਲੇਠੇ ਗ਼ਜ਼ਲ-ਸੰਗ੍ਰਹਿ ਦਾ ਤਹਿ ਦਿਲੋਂ ਸਵਾਗਤ ਕਰਦਾ ਹਾਂ। ਮੇਰਾ ਯਕੀਨ ਹੈ ਕਿ ਉਸਦੀ ਪਲੇਠੀ ਪੁਸਤਕ ਹੀ ਪੰਜਾਬੀ ਗ਼ਜ਼ਲ ਵਿਚ ਨਰੋਆ ਵਾਧਾ ਕਰੇਗੀ ਤੇ ਉਸਦੀ ਪਛਾਣ ਵੀ ਸਥਾਪਤ ਕਰੇਗੀ। ਮੈਂ ਗ਼ਜ਼ਲ ਦੇ ਸਾਰੇ ਪਾਠਕਾਂ ਨੂੰ ਇਹ ਪੁਸਤਕ ਪੜ੍ਹਨ ਦੀ ਗੁਜ਼ਾਰਿਸ਼ ਕਰਦਾ ਹਾਂ। ਇਹ ਤੁਹਾਡੇ ਸੁਹਜ-ਸਵਾਦ ਦੀ ਭਰਪੂਰ ਤ੍ਰਿਪਤੀ ਕਰੇਗੀ।

ਏਸੇ ਆਸ ਨਾਲ...

ਤੁਹਾਡਾ ਆਪਣਾ
***ਕ੍ਰਿਸ਼ਨ ਭਨੋਟ***

# ਸੁਪਨਿਆਂ ਵਿਚ ਵੀ ਜਾਗਦਾ ਸ਼ਾਇਰ—ਗੌਤਮ

ਅਸੀਂ ਵਕਤ ਦੇ ਅਤਿਅੰਤ ਨਾਜ਼ੁਕ ਦੌਰ ਵਿਚ ਗੁਜ਼ਰ ਰਹੇ ਹਾਂ। ਬੇਜਾਨ ਵਸਤੂਆਂ ਦੇ ਬੋਝ ਹੇਠ ਜ਼ਿੰਦਗੀ ਨੂੰ ਜੀਣ ਜੋਗਾ ਬਣਾਉਣ ਵਾਲੀਆਂ ਕੋਮਲ ਕਲਾਵਾਂ ਸਾਹ-ਸਤਹੀਣ ਹੋਈਆਂ ਪਈਆਂ ਹਨ। ਮੋਹ, ਪਿਆਰ, ਇਖ਼ਲਾਕ, ਗੌਰਵ ਆਦਿ ਜਿਹੇ ਸ਼ਬਦ ਕਿਤਾਬਾਂ ਅੰਦਰ ਲੁਕਦੇ ਜਾ ਰਹੇ ਨੇ। ਇਸ ਨਿੱਤ ਫੈਲਦੇ ਅੰਧਕਾਰ ਵਿਚ ਜਗਦੇ ਅੱਖਰਾਂ ਦੇ ਸਿਰਜਣਹਾਰਿਆਂ ਤੋਂ ਬਿਹਤਰ ਰਾਹ ਦਸੇਰਾ ਹੋਰ ਕੋਈ ਨਹੀਂ ਹੋ ਸਕਦਾ। ਸ਼ੁਕਰ ਹੈ ਕਿਰਨਾਂ ਦੇ ਇਸ ਕਾਫ਼ਲੇ ਵਿਚ ਨਵੇਂ-ਨਵੇਂ ਨਾਂ ਜੁੜ ਰਹੇ ਹਨ। ਸ਼ਾਇਰ ਗੌਤਮ ਵੀ ਅਜਿਹਾ ਹੀ ਇਕ ਨਾਮ ਹੈ ਜੋ ਆਪਣੀਆਂ ਜਾਗਦੀਆਂ ਗ਼ਜ਼ਲਾਂ ਦੇ ਦੀਵੇ ਹਨੇਰੇ ਦੀ ਹਿੱਕ ’ਤੇ ਧਰ ਰਿਹਾ ਹੈ।

ਗੌਤਮ ਦੀਆਂ ਗ਼ਜ਼ਲਾਂ ਕਈ ਪੱਖਾਂ ਤੋਂ ਧਿਆਨ ਖਿੱਚਦੀਆਂ ਹਨ। ਇਸ ਕਠੋਰ ਵਿਵਸਥਾ ਨਾਲ ਟਕਰਾਉਂਦੀ ਉਸਦੀ ਸੂਖ਼ਮ ਸੰਵੇਦਨਾ ਹੌਲ਼ੀ-ਹੌਲ਼ੀ ਗਹਿਰੀਆਂ ਦਾਰਸ਼ਨਿਕ ਸੁਰਾਂ ਛੇੜਨ ਲਗਦੀ ਹੈ। ਕਿਸੇ ਸ਼ਾਇਰ ਦੇ ਮੁਢਲੇ ਕਲਾਮ ਵਿਚ ਅਜਿਹੀ ਗੰਭੀਰਤਾ ਦਾ ਆਉਣਾ ਮਹੱਤਵਪੂਰਨ ਹੈ। ਉਸ ਦਾ ਦਰਸ਼ਨ ਕਿਸੇ ਵਾਦ ਤਕ ਸੀਮਤ ਨਹੀਂ, ਸਗੋਂ ਮਨੁੱਖ ਦੇ ਸ਼ਾਨ ਨਾਲ ਜੀਣ ਦੀ ਲੋਚਾ ਦੇ ਇਰਦ-ਗਿਰਦ ਰਹਿੰਦਾ ਹੈ। ਇਨਸਾਨੀ ਦੁੱਖਾਂ-ਸੁਖਾਂ ਦੇ ਅਨੇਕ ਪਾਸਾਰ ਉਸਦੀ ਸ਼ਾਇਰੀ ਵਿਚ ਖੁੱਲ੍ਹ ਕੇ ਪੇਸ਼ ਹੁੰਦੇ ਹਨ। ਸੋ ਉਸਦੇ ਸਰੋਕਾਰ ਤੇ ਉਨ੍ਹਾਂ ਦੀ ਪੇਸ਼ਕਾਰੀ ਰਲ਼ ਮਿਲ਼ ਕੇ ਉਸਦੀ ਸ਼ਾਇਰੀ ਨੂੰ ਵਿਲੱਖਣ ਬਣਾਉਂਦੇ ਹਨ। ਸੋਚਾਂ ਦੇ ਅੰਬਰ ਗਾਹੁੰਦਿਆਂ ਉਹ ਮਿੱਟੀ ਨਾਲ ਆਪਣਾ ਰਿਸ਼ਤਾ ਨਹੀਂ ਭੁਲਦਾ, ਜਿਵੇਂ ਕਿ—

ਕਿਸੇ ਨੂੰ ਰੋਂਦਿਆਂ ਦੇਖਾਂ ਤਾਂ ਅਕਸਰ ਡੋਲ ਜਾਂਦਾ ਹਾਂ
ਮੇਰੀ ਸੰਵੇਦਨਾ ਹੋਈ ਨਾ ਪੱਥਰ ਦੇ ਖ਼ੁਦਾ ਵਰਗੀ

ਇਵੇਂ ਤਰਸੇ ਮੇਰੇ ਅਰਮਾਨ ਇਕ ਦੀਦਾਰ ਦੀ ਖ਼ਾਤਰ
ਜਿਵੇਂ ਔੜਾਂ ਦੇ ਵਿਚ ਧਰਤੀ ਪਿਆਸੀ ਸਾਉਣ ਨੂੰ ਤਰਸੇ

ਸ਼ਾਇਰ ਗੌਤਮ ਨੇ ਅਨੁਭਵ ਤੇ ਅਹਿਸਾਸ ਦੀ ਲੰਮੀ ਪ੍ਰਕਿਰਿਆ ਵਿੱਚੋਂ ਗੁਜ਼ਰ ਕੇ ਪੱਕੇ ਪੈਰੀਂ ਗ਼ਜ਼ਲ ਖੇਤਰ ਵਿਚ ਪ੍ਰਵੇਸ਼ ਕੀਤਾ ਹੈ। ਉਸ ਦੇ ਸ਼ਿਅਰ ਚਿੰਤਨੀ ਸੂਝ ਵਿੱਚੋਂ ਉਪਜਦੇ ਹਨ। ਉਸਦੇ ਸੁਪਨਿਆਂ, ਫ਼ਿਕਰਾਂ, ਅਕਾਂਖਿਆਵਾਂ ਦਾ ਦਾਇਰਾ ਵਸੀਹ ਹੈ। ਉਹ ਅਹਿਸਾਸ ਦੀ ਬੁਲੰਦੀ ਤੋਂ ਜ਼ਿੰਦਗੀ ਨੂੰ ਲੰਮੀ ਨਜ਼ਰ ਨਾਲ ਨਿਹਾਰਦਾ ਹੈ। ਇਵੇਂ

ਸਿਖਰੋਂ ਫੁੱਟਿਆ ਉਸਦੀ ਸ਼ਾਇਰੀ ਦਾ ਚਸ਼ਮਾ ਪਾਠਕਾਂ ਦੀਆਂ ਅਤ੍ਰਿਪਤੀਆਂ ਵਿਚਦੀ ਰਾਹ ਬਣਾਉਂਦਾ ਹੈ।

ਉਹ ਵੱਖ-ਵੱਖ ਜੁਗਤਾਂ ਵਰਤ ਕੇ ਆਪਣੀ ਸ਼ਿਅਰਕਾਰੀ ਨੂੰ ਪ੍ਰਭਾਵਸ਼ਾਲੀ ਬਣਾਉਂਦਾ ਹੈ। ਕਿਤੇ ਉਹ ਗਲਤ ਵਰਤਾਰਿਆਂ ’ਤੇ ਤਿੱਖੇ ਕਟਾਕਸ਼ ਕਰਦਾ ਹੈ, ਕਿਤੇ ਸਵੈ ਵਿਸ਼ਲੇਸ਼ਣੀ ਵਿਧੀ ਰਾਹੀਂ ਹਰ ਸੰਵੇਦਨਸ਼ੀਲ ਬੰਦੇ ਦੇ ਅੰਦਰਲੇ ਦਵੰਦਾਂ ’ਤੇ ਝਾਤ ਪਵਾਉਂਦਾ ਹੈ।

ਬੜੀ ਹੀ ਸਾਫ਼ਗੋਈ ਨਾਲ ਸੂਲ਼ੀ ਚਾੜ੍ਹ ਦਿੰਦੇ ਹਾਂ
ਜਦੋਂ ਪੈਦਾ ਕਦੇ ਮਨ ਵਿਚ ਕੋਈ ਮਨਸੂਰ ਹੁੰਦਾ ਹੈ

ਸਾਡੇ ਖ਼ਿਲਾਫ਼ ਹੀ ਨਾ ਕਰ ਦੇਣ ਇਹ ਬਗ਼ਾਵਤ
ਲਾਹੇ ਸ਼ਹੀਦ ਜੇਕਰ ਹੁਣ ਸੂਲ਼ੀਆਂ ’ਤੇ ਟੰਗੇ

ਗੌਤਮ ਪਰਵਾਸ ਦੇ ਦਰਦ ਨੂੰ ਬੜੀ ਹੀ ਸ਼ਿੱਦਤ ਨਾਲ ਮਹਿਸੂਸ ਕਰਦਾ ਹੈ। ਕਨੇਡਾ ਦੀ ਨਾਗਰਿਕਤਾ ਹਾਸਲ ਕਰਕੇ ਜਦੋਂ ਉਸਨੂੰ ਭਾਰਤੀ ਪਾਸਪੋਰਟ ਤਿਆਗਣਾ ਪਿਆ ਤਾਂ ਇਕ ਚੀਖ਼ ਜਿਹੀ ਉਸਦੇ ਕਲੇਜੇ ਚੋਂ ਉੱਠੀ, ਜੋ ਇਸ ਖ਼ੂਬਸੂਰਤ ਸ਼ਿਅਰ ਵਿਚ ਪਰਿਵਰਤਿਤ ਹੋ ਗਈ।

ਅਜੇਹਾ ਮੋਹ ਲਿਆ ਗੌਤਮ ਤੇਰੇ ਇਸ ਪਾਰ ਨੇ ਆਖ਼ਰ
ਮੈਂ ਜਿਸ ’ਤੇ ਬੈਠ ਆਇਆ ਸੀ ਉਹੀ ਕਿਸ਼ਤੀ ਜਲਾ ਦਿੱਤੀ

ਇਸੇ ਤਰ੍ਹਾਂ ਪਰਵਾਸ ਬਾਰੇ ਹੋਰ ਖ਼ੂਬਸੂਰਤ ਸ਼ਿਅਰ ਹਨ:

ਸਿਪਾਹੀ ਹਾਂ ਮੈਂ ਕਿੱਥੋਂ ਦਾ ਤੇ ਮੇਰਾ ਕੌਣ ਹੈ ਦੁਸ਼ਮਣ
ਸਮੁੰਦਰ ਪਾਰ ਲੜਨੇ ਨੂੰ ਮੈਂ ਕਿਹੜੀ ਜੰਗ ਆਇਆ ਹਾਂ

ਇਹੋ ਮੇਰੀ ਉਦਾਸੀ ਹੈ ਇਹ ਮੇਰਾ ਬੋਧ ਤੇ ਦਰਸ਼ਨ
ਨਵੇਂ ਯੁਗ ਦਾ ਮੈਂ ਗੌਤਮ ਹਾਂ ਕਿ ਪਤਨੀ ਸੰਗ ਆਇਆ ਹਾਂ

ਗ਼ਜ਼ਲ ਪ੍ਰਤੀ ਗੌਤਮ ਦੀ ਨਿਸ਼ਠਾ ਲਾਜਵਾਬ ਹੈ। ਉਹ ਹਰ ਪਲ ਸ਼ਾਇਰੀ ਨੂੰ ਸਮਰਪਿਤ ਹੈ। ਏਥੋਂ ਤੱਕ ਕਿ ਉਸਨੇ ਆਪਣੇ ਘਰ ਦਾ ਇਕ ਖ਼ੂਬਸੂਰਤ ਕੋਨਾ ਸ਼ਾਇਰਾਂ ਦੇ ਮੇਲ ਮਿਲਾਪ ਲਈ ਰਾਖਵਾਂ ਰੱਖਿਆ ਹੋਇਆ ਹੈ। ਜਿੱਥੇ ਅਕਸਰ ਅਦਬੀ ਮਹਿਫ਼ਲਾਂ ਜੁੜਦੀਆਂ ਨੇ ਅਤੇ ਸੌਣ ਨਾ ਦੇਣ ਵਾਲੇ ਸੁਪਨੇ ਲੈ ਕੇ ਰੁਖ਼ਸਤ ਹੁੰਦੀਆਂ ਨੇ।

ਅਜਿਹੇ ਊਰਜਾ ਭਰਪੂਰ ਸ਼ਾਇਰ ਦੀ ਪਹਿਲੀ ਪੁਸਤਕ ‘ਸੁਪਨੇ ਸੌਣ ਨਾ ਦਿੰਦੇ’ ਦੀ ਪ੍ਰਕਾਸ਼ਨਾ ਗ਼ਜ਼ਲ ਦੀ ਦੁਨੀਆ ਲਈ ਸ਼ੁੱਭ ਸ਼ਗਨ ਹੈ।

***—ਜਸਵਿੰਦਰ***

# ਸ਼ੁਕਰੀਆ

ਕਲਾ ਤਾਂ ਸੁਹਜ ਤੇ ਸੰਵੇਦਨਾ ਦੇ ਮੇਲ ’ਚੋਂ ਉਪਜੇ
ਜੇ ਹੋਵੇ ਸੋਚ ਵਿਚ ਤਲਖ਼ੀ ਤਾਂ ਲਿਖਣਾ ਕੀ ਤੇ ਗਾਉਣਾ ਕੀ

ਜਦੋਂ ਅਸੀਂ ਆਪਣੇ ਆਸ-ਪਾਸ ਪਸਰੀ ਕੁਦਰਤੀ ਸੁੰਦਰਤਾ ਅਤੇ ਮਨੁੱਖੀ ਸੋਚ ਦੀ ਬਦਸੂਰਤੀ ਨੂੰ ਦੇਖਦੇ ਹਾਂ, ਤਾਂ ਸਾਡੇ ਮਨ ਵਿਚ ਜੋ ਉਸ ਨੂੰ ਪਰਗਟ ਕਰਨ ਲਈ ਭਾਵ ਜਾਗਦੇ ਹਨ, ਉਹ ਕਿਸੇ ਨਾ ਕਿਸੇ ਕਲਾ ਦੇ ਰੂਪ ਵਿਚ ਹੀ ਨਿਕਲਦੇ ਹਨ। ਇਹ ਸਾਰਾ ਕੁਝ ਕੁਦਰਤੀ ਵਰਤਾਰੇ ਅਨੁਸਾਰ ਹੀ ਹੁੰਦਾ ਹੈ। ਬਚਪਨ ਤੋਂ ਜਵਾਨੀ ਵਿਚ ਪਰਵੇਸ਼ ਕਰਦੇ-ਕਰਦੇ ਸਾਡੇ ਵਿਚ ਸਰੀਰਕ, ਮਾਨਸਿਕ ਬਦਲਾਓ ਦੇ ਨਾਲ-ਨਾਲ ਭਾਵਨਾਤਮਕ ਬਦਲਾਓ ਵੀ ਆਉਂਦਾ ਹੈ। ਇਸੇ ਭਾਵਨਾਤਮਕ ਬਦਲਾਓ ਸਮੇਂ ਸਾਡੇ ਵਿਚ ਸੰਵੇਦਨਾ ਆਪਣੀ ਚਰਮ ਸੀਮਾ ’ਤੇ ਹੁੰਦੀ ਹੈ। ਇਹ ਉਹ ਸਮਾਂ ਹੈ ਜਦੋਂ ਮਨ ਵਿਚ ਕਿਸੇ ਨਾ ਕਿਸੇ ਕਲਾ ਦਾ ਬੀਜ ਪੁੰਗਰਦਾ ਹੈ। ਭਾਵਾਂ ਦਾ ਇਹ ਹੜ੍ਹ ਜਦੋਂ ਸ਼ਬਦਾਂ ਦਾ ਰੂਪ ਲੈ ਕੇ ਕਾਗਜ਼ ’ਤੇ ਉਤਰਦਾ ਹੈ ਤਾਂ ਇਹ ਕਵਿਤਾ, ਗੀਤ, ਗ਼ਜ਼ਲ, ਕਹਾਣੀ ਬਣ ਜਾਂਦਾ ਹੈ। ਇਸੇ ਨਿਰੰਤਰ ਅਭਿਆਸ ’ਚੋਂ ਹੀ ਲੇਖਕ ਦਾ ਜਨਮ ਹੁੰਦਾ ਹੈ।

ਮੇਰੇ ਨਾਲ ਵੀ ਕੁਝ ਅਜਿਹਾ ਹੀ ਹੋਇਆ। ਮੈਂ ਉਦੋਂ ਡੀ.ਏ.ਵੀ. ਕਾਲਜ ਨਕੋਦਰ ਤੋਂ ਮੈਡੀਕਲ ਸਾਇੰਸ ਵਿਚ 10+2 ਕਰ ਰਿਹਾ ਸੀ। ਉਸੇ ਸਾਲ ਸਾਨੂੰ ਲਾਜ਼ਮੀ ਪੰਜਾਬੀ ਪ੍ਰੋ. ਹਰਦਿਆਲ ਸਾਗਰ ਜੀ ਪੜ੍ਹਾ ਰਹੇ ਸਨ। ਮੈਂ ਉਨ੍ਹਾਂ ਦੀ ਸ਼ਖਸੀਅਤ ਅਤੇ ਵਿਚਾਰਾਂ ਤੋਂ ਇਸ ਕਦਰ ਪ੍ਰਭਾਵਿਤ ਹੋਇਆ ਕਿ ਮੇਰੇ ਮਨ ਵਿਚ ਜੋ ਉਸ ਸਮੇਂ ਭਾਵਾਂ ਦਾ ਜਵਾਲਾਮੁਖੀ ਫਟ ਰਿਹਾ ਸੀ, ਉਹ ਹੌਲੀ-ਹੌਲੀ ਸ਼ਬਦ ਬਣ ਕੇ ਕਾਗਜ਼ ਦੀ ਹਿੱਕ ’ਤੇ ਉਤਰਨ ਲੱਗਾ।

ਇਹ ਇੱਕ ਸਾਲ ਕਿਵੇਂ ਬੀਤ ਗਿਆ ਪਤਾ ਹੀ ਨਹੀਂ ਲੱਗਿਆ। ਪਹਿਲੋਂ-ਪਹਿਲ ਇਹ ਸ਼ਬਦਾਂ ਦੇ ਮੋਤੀ ਮੈਂ ਬੱਸ ਦੀਆਂ ਟਿਕਟਾਂ ’ਤੇ ਹੀ ਪਰੋਏ। ਫਿਰ ਜਦੋਂ ਮੈਂ ਬੀ.ਐੱਸਸੀ. ਕਰਨ ਰਣਧੀਰ ਕਾਲਜ, ਕਪੂਰਥਲਾ ਗਿਆ ਤਾਂ ਮੇਰੀ ਲੇਖਣੀ ਇਕ ਨਵੇਂ ਅੰਜਾਮ ’ਤੇ ਪਹੁੰਚ ਗਈ। ਉੱਥੇ ਮਿਲੇ ਦੋਸਤਾਂ, ਅਧਿਆਪਕਾਂ ਦੇ ਪਿਆਰ ਅਤੇ ਉਤਸ਼ਾਹ ਨੇ ਮੈਨੂੰ ਕਾਲਜ ਦੀ ਸਟੇਜ ਤੋਂ ਅੰਤਰ-ਕਾਲਜ ਦੀਆਂ ਸਟੇਜਾਂ ਤੱਕ ਪਹੁੰਚਾ ਦਿੱਤਾ।

ਮੇਰਾ ਅਗਲਾ ਸਫ਼ਰ ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲ ਹੋ ਤੁਰਿਆ।

ਐੱਮ.ਐੱਸਸੀ. ਦੀ ਪੜ੍ਹਾਈ, ਉੱਥੇ ਦੀ ਆਬੋ-ਹਵਾ ਅਤੇ ਮੁਹੱਬਤੀ ਦੋਸਤਾਂ ਨੇ ਮੇਰੇ ਚਿੰਤਨ ਨੂੰ ਹੋਰ ਗਹਿਰਾਇਆ ਤੇ ਜੀਵਨ ਪ੍ਰਤੀ ਮੇਰੀ ਸੋਚ ਨੂੰ ਹੋਰ ਨਿਖਾਰਿਆ। ਇਸੇ ਫ਼ਿਜ਼ਾ ਵਿਚ ਹੀ ਮੈਨੂੰ ਮੁਹੱਬਤ ਜਿਹੇ ਕੋਮਲ ਭਾਵ ਨੂੰ ਮਹਿਸੂਸ ਕਰਨ ਦਾ ਮੌਕਾ ਮਿਲਿਆ।

ਪਿਆਰ, ਵੈਰਾਗ ਅਤੇ ਬੇਰੁਜ਼ਗਾਰੀ ਦੇ ਤੂਫ਼ਾਨਾਂ ’ਚੋਂ ਲੰਘਦਾ ਆਖ਼ਰ ਮੈਂ ਕਨੇਡਾ ਦੀ ਖ਼ੂਬਸੂਰਤ ਧਰਤੀ ’ਤੇ ਆ ਪੁੱਜਾ। ਇਸੇ ਦੌਰਾਨ ਜਿਉਂ-ਜਿਉਂ ਜੀਵਨ ਦੇ ਅਨੁਭਵ ਮਿਲਦੇ ਗਏ, ਉਵੇਂ-ਉਵੇਂ ਮੇਰੀ ਕਲਮ ਦੀ ਧਾਰ ਦੀ ਬਦਲਦੀ ਗਈ। ਹੁਣ ਤਕ ਮੈਂ ਜੋ ਵੀ ਲਿਖਿਆ ਸੀ, ਉਸ ਵਿੱਚੋਂ ਬਹੁਤਾ ਕੁਝ ਗ਼ਜ਼ਲ ਵਰਗਾ ਸੀ, ਪਰ ਵਜ਼ਨ ਬਹਿਰ ਦਾ ਗਿਆਨ ਨਾ ਹੋਣ ਕਰ ਕੇ, ਮੇਰੇ ਇਹ ਸ਼ਬਦ ਕਦੇ ਵੀ ਸ਼ਿਅਰ ਦਾ ਰੁਤਬਾ ਨਾ ਹਾਸਲ ਕਰ ਸਕੇ, ਜੋ ਕਿ ਮੈਨੂੰ ਹਮੇਸ਼ਾ ਖਲਦਾ ਰਿਹਾ। ਆਪਣੀ ਇਸੇ ਤਲਬ ਨੂੰ ਪੂਰਾ ਕਰਨ ਲਈ ਮੈਂ ਸਰੀ ਸ਼ਹਿਰ ਦੀਆਂ ਸਾਹਿਤਕ ਸਭਾਵਾਂ ਵਿਚ ਜਾਣਾ ਸ਼ੁਰੂ ਕੀਤਾ। ਏਥੇ ਮੇਰੀਆਂ ਰਚਨਾਵਾਂ ਨੂੰ ਬਹੁਤ ਪਿਆਰ ਤਾਂ ਮਿਲਿਆ ਪਰ ਅਰੂਜ਼ ਦੀ ਜਾਣਕਾਰੀ ਲੈਣ ਦਾ ਕੋਈ ਜ਼ਰੀਆ ਨਾ ਮਿਲਿਆ। ਫਿਰ ਕਰੀਬ-ਕਰੀਬ 2012 ਵਿਚ ਫੇਸਬੁੱਕ ਰਾਹੀਂ ਮੇਰਾ ਸੰਪਰਕ ਸ਼ਾਇਰ ਕਮਲ ਦੇਵ ਪਾਲ ਜੀ ਨਾਲ ਹੋਇਆ।ਉਨ੍ਹਾਂ ਨੇ ਫੋਨ ਰਾਹੀਂ ਅਰੂਜ਼ ਬਾਰੇ ਕਾਫ਼ੀ ਜਾਣਕਾਰੀ ਦਿੱਤੀ ਅਤੇ ਇਸ ਦੌਰਾਨ ਦੋ-ਤਿੰਨ ਗ਼ਜ਼ਲਾਂ ਲਿਖੀਆਂ ਵੀ ਪਰ ਕਿਸੇ ਨਾ ਕਿਸੇ ਕਾਰਨ ਇਹ ਸਿਲਸਿਲਾ ਅੱਗੇ ਨਾ ਤੁਰ ਸਕਿਆ। ਇਵੇਂ ਹੀ ਚਾਰ ਸਾਲ ਹੋਰ ਲੰਘ ਗਏ ਤੇ ਫਿਰ ਮੇਰੀ ਮੁਲਾਕਾਤ ਗ਼ਜ਼ਲ ਦੇ ਉਸਤਾਦ ਸ਼ਾਇਰ ਸ਼੍ਰੀ ਕ੍ਰਿਸ਼ਨ ਭਨੋਟ ਜੀ ਨਾਲ ਹੋਈ। ਉਨ੍ਹਾਂ ਨੇ ਅਰੂਜ਼ ਤੇ ਗ਼ਜ਼ਲ ਦੀਆਂ ਬਰੀਕੀਆਂ ਬਾਰੇ ਏਨੀ ਸਰਲਤਾ ਨਾਲ ਸਮਝਾਇਆ ਕਿ ਬਹਿਰ-ਵਜ਼ਨ ਜੋ ਕਿ ਮੇਰੇ ਵਾਸਤੇ ਹੁਣ ਤੱਕ ਇੱਕ ਮਸਲਾ ਬਣਿਆ ਸੀ, ਹੌਲੇ-ਹੌਲੇ ਸੁਲਝਦਾ ਗਿਆ। ਉਨ੍ਹਾਂ ਦੀ ਏਸ ਦੇਣ ਲਈ ਮੈਂ ਸਦਾ ਉਨ੍ਹਾਂ ਦਾ ਰਿਣੀ ਰਹਾਂਗਾ। ਇਸ ਸਫ਼ਰ ’ਤੇ ਮੇਰਾ ਦੋਸਤ ਬਣ ਕੇ ਰਾਜਵੰਤ ਰਾਜ ਦੀ ਆਮਦ ਕਿਸੇ ਫ਼ਰਿਸ਼ਤੇ ਤੋਂ ਘੱਟ ਨਹੀਂ ਸੀ। ਅਸਾਂ ਦੋਹਾਂ ਨੇ ਮਿਲ ਕੇ ਕਾਵਿ-ਮਹਿਫ਼ਲਾਂ ਦਾ ਖ਼ੂਬ ਅਨੰਦ ਮਾਣਿਆ। ਕੁਦਰਤ ਦੀ ਮਿਹਰਬਾਨੀ ਦੀ ਓਦੋਂ ਕੋਈ ਹੱਦ ਨਾ ਰਹੀ ਜਦੋਂ ਉਸ ਨੇ ਮੈਨੂੰ ਮੇਰੇ ਮਹਿਬੂਬ ਸ਼ਾਇਰ ਜਸਵਿੰਦਰ ਭਾਅ ਜੀ ਨਾਲ ਮਿਲਾ ਦਿੱਤਾ। ਬਸ ਫਿਰ ਗ਼ਜ਼ਲ ਦੇ ਹਰ ਨੁਕਤੇ ਨੂੰ ਸਮਝਣ ਤੇ ਅਪਣਾਉਣ ਦਾ ਜੋ ਸਕੂਨ ਮਿਲਿਆ ਉਸ ਨੇ ਗ਼ਜ਼ਲ ਨਾਲ ਮੇਰੀ ਮੁਹੱਬਤ ਨੂੰ ਹੋਰ ਪੁਖ਼ਤਾ ਕੀਤਾ। ਇਸੇ ਮੁਹੱਬਤ ਦਾ ਨਤੀਜਾ ਸੀ ਕਿ ਅਸੀਂ ਹੋਰ ਹਮਖ਼ਿਆਲ ਦੋਸਤਾਂ ਨਾਲ਼ ਮਿਲ ਕੇ ਗਜ਼ਲ ਮੰਚ ਸਰੀ ਦੀ ਸਥਾਪਨਾ ਕੀਤੀ। ਇਸ ਨਾਲ ਜੁੜੇ ਸ਼ਾਇਰ ਦੋਸਤਾਂ ਤੋਂ ਮਿਲੀ ਮੁਹੱਬਤ ਦਾ ਮੈਂ ਸਦਾ ਧੰਨਵਾਦੀ ਰਹਾਂਗਾ।

ਮੈਂ ਧੰਨਵਾਦੀ ਹਾਂ ਆਪਣੀ ਪਤਨੀ ਦਾ, ਬੱਚਿਆਂ ਦਾ, ਮਾਂ-ਬਾਪ, ਭਰਾਵਾਂ ਅਤੇ ਪਰਿਵਾਰ ਦੇ ਬਾਕੀ ਸਭ ਮੈਂਬਰਾਂ ਦਾ ਕਿ ਜਿਨ੍ਹਾਂ ਦੇ ਹਿੱਸੇ ਦਾ ਸਮਾਂ ਕਦੇ ਨਾ ਕਦੇ ਮੈਂ ਚੋਰੀ ਕਰ ਕੇ ਗ਼ਜ਼ਲਾਂ ਨੂੰ ਕਿਤਾਬੀ ਰੂਪ ਦੇਣ ਵਿਚ ਖਰਚ ਕੀਤਾ। ਧੰਨਵਾਦੀ ਹਾਂ ਮੈਂ

ਭੁਪਿੰਦਰ ਮੱਲ੍ਹੀ ਜੀ ਦਾ ਜਿਨ੍ਹਾਂ ਨੇ ਇਹ ਕਿਤਾਬ ਛਪਵਾਉਣ ਤੇ ਪਾਠਕਾਂ ਤੱਕ ਪਹੁੰਚਾਉਣ ਵਿਚ ਸਹਿਯੋਗ ਦਿੱਤਾ। ਮੈਨੂੰ ਉਮੀਦ ਹੈ ਕਿ ਮੇਰੇ ਪਾਠਕ ਇਸ ਕਿਤਾਬ ਤੋਂ ਨਿਰਾਸ਼ ਨਹੀਂ ਹੋਣਗੇ ਤੇ ਆਪਣੇ ਕੀਮਤੀ ਸੁਝਾਵਾਂ ਨਾਲ ਮੇਰਾ ਅੱਗੇ ਦਾ ਸਫ਼ਰ ਸੁਖਾਲਾ ਕਰਨਗੇ।

ਪੇਤਲੀ ਸੀ ਜਦ ਸਮਝ ਤਦ ਤਲਖ਼ ਸੀ ਮੇਰਾ ਸੁਭਾਅ
ਸੋਚ ਗਹਿਰਾਉਂਦੀ ਗਈ ਜਿਉਂ ਸਹਿਜਤਾ ਆਉਂਦੀ ਗਈ

*—ਗੌਤਮ*

ਇਸ ਵਾਰ ਵਿਛੜ ਕੇ ਖ਼ਾਬਾਂ 'ਚੋਂ, ਉਹ ਨਾ ਮਿਲਦਾ ਤੇ ਚੰਗਾ ਸੀ
ਰਹਿ ਜਾਂਦਾ ਪਰਦਾ ਖ਼ੁਸ਼ਬੂ ਦਾ, ਫੁੱਲ ਨਾ ਖਿੜਦਾ ਤੇ ਚੰਗਾ ਸੀ

ਕੁਝ ਰੰਗ ਬਦਲਿਆ ਮੌਸਮ ਨੇ, ਕੁਝ ਫੁੱਲ ਦੀ ਸੀਰਤ ਬਦਲੀ ਹੈ
ਇਹ ਭੌਰ ਵਫ਼ਾ ਦੇ ਸਾਹਾਂ 'ਚੋਂ, ਦਮ ਨਾ ਭਰਦਾ ਤੇ ਚੰਗਾ ਸੀ

ਖ਼ਾਬਾਂ ਦੀ ਤਿੱਖੀ ਚੋਟੀ 'ਤੇ, ਕੁਝ ਬਰਫ਼ ਜਿਹਾ ਸੀ ਨਾਂ ਉਸ ਦਾ
ਨਾ ਚੜ੍ਹਦੀ ਧੁੱਪ ਤਮੰਨਾ ਦੀ, ਉਹ ਨਾ ਖਰਦਾ ਤੇ ਚੰਗਾ ਸੀ

ਤੇਰੀ ਵੀ ਹਕੀਕਤ ਜਾਣ ਲਈ, ਮੇਰਾ ਵੀ ਪਰਦਾ ਉਤਰ ਗਿਆ
ਇਕ ਭੇਤ ਸੀ ਪੱਕੀ ਕੋਰ ਜਿਹਾ, ਉਹ ਨਾ ਛਿੱਲਦਾ ਤੇ ਚੰਗਾ ਸੀ

ਮੱਚ ਗਏ ਨੇ 'ਗੌਤਮ' ਸਭ ਰਿਸ਼ਤੇ, ਜਿਸਮਾਂ ਰੂਹਾਂ ਵਿਸ਼ਵਾਸਾਂ ਦੇ
ਇਹ ਸੁੱਕਿਆ ਜੰਗਲ ਬਾਂਸਾਂ ਦਾ, ਜੇ ਨਾ ਹਿੱਲਦਾ ਤੇ ਚੰਗਾ ਸੀ

ਕੋਈ ਜਾ ਕੇ ਜ਼ਰਾ ਉਸ ਨੂੰ ਹਸਾਵੇ
ਕਿ ਹੋ ਸਕਦਾ ਇਹ ਮੌਸਮ ਬਦਲ ਜਾਵੇ

ਖ਼ੁਦਾ ਹੀ ਜਾਣਦੈ ਉਹ ਰੁੱਸਿਆ ਕਿਉਂ
ਕੋਈ ਪਾਗਲ ਕਿਵੇਂ ਉਸ ਨੂੰ ਮਨਾਵੇ

ਜੁੜੇ ਨੇ ਤਾਰ ਉਸ ਦੇ ਨਾਲ਼ ਦਿਲ ਦੇ
ਕਿ ਮੈਂ ਤੜਫ਼ਾਂ ਜਦੋਂ ਤਰਬਾਂ ਹਿਲਾਵੇ

ਮੈਂ ਅਜ਼ਲਾਂ ਤੋਂ ਤੜਫ਼ਦੀ ਬੂੰਦ ਹਾਂ ਇਕ
ਕੋਈ ਮੈਨੂੰ ਵੀ ਹੁਣ ਸਾਗਰ ਮਿਲਾਵੇ

ਮੇਰੇ ਦਿਲ ਵਿਚ ਚਿਰਾਂ ਤੋਂ ਔੜ ਲੱਗੀ
ਮੁਹੱਬਤ ਦੀ ਘਟਾ ਹੁਣ ਬਰਸ ਜਾਵੇ

ਕਈ ਚਿਹਰੇ ਨੇ ਹਾਸਿਲ ਉਂਜ ਸਭ ਨੂੰ
ਮੁਹਾਰਤ ਇਹ ਕਦੋਂ ਕਿਹੜਾ ਲਗਾਵੇ

ਤਰਸਦਾ ਤੁਰ ਗਿਆ ਮਹਿਫ਼ਲ 'ਚੋਂ 'ਗੌਤਮ'
ਕੋਈ ਤਾਂ ਉਸ ਨੂੰ ਨਾਂ ਲੈ ਕੇ ਬੁਲਾਵੇ

ਹਉਮੈ ਦੀ ਭੱਠੀ ਵਿਚ ਬਹਿ ਕੇ, ਤੂੰ ਨਫ਼ਰਤ ਨੂੰ ਓੜ ਲਿਆ
ਮੇਰਾ ਅਕਸ ਮਿਟਾਉਣ ਲਈ ਤੂੰ ਦਿਲ ਦਾ ਸ਼ੀਸ਼ਾ ਤੋੜ ਲਿਆ

ਇਹ ਰਿਸ਼ਤਾ ਤਾਂ ਕਾਬਲ ਨਾ ਸੀ, ਤਰਕ-ਪਰਖ਼ ਦੀ ਸੂਲ਼ੀ ਦੇ
ਇਸ਼ਕ ਸੀ ਕੋਮਲ ਗੰਦਲ਼ ਵਰਗਾ, ਕਾਹਤੋਂ ਇੰਜ ਮਰੋੜ ਲਿਆ

ਜਿੰਨਾ ਮਰਜ਼ੀ ਗਹਿਰਾ ਹੋਵੇ, ਮੰਥਨ ਕਰਨਾ ਪੈਂਦਾ ਹੈ
ਕੀ ਫਾਇਦਾ ਜੇ ਅਮਲ ਨਾ ਕੀਤਾ, ਪੜ੍ਹ ਕੇ ਵਰਕਾ ਮੋੜ ਲਿਆ

ਤੇਰੇ ਇਸ ਕਰਤਬ ਦੀ ਆਖ਼ਰ, ਦਾਦ ਤਾਂ ਦੇਣੀ ਬਣਦੀ ਹੈ
ਕਿੰਨੀ ਜਲਦੀ ਤੋੜ ਕੇ ਦਿਲ ਤੂੰ ਦੂਜੀ ਥਾਵੇਂ ਜੋੜ ਲਿਆ

ਤੁਪਕਾ-ਤੁਪਕਾ ਯਾਦ ਤੇਰੀ ਨੇ, ਪੀਤੀ ਰੱਤ ਸਲੂਣੀ ਇਉਂ
ਕੀ ਆਖੇ ਹੁਣ 'ਗੌਤਮ' ਕਿ ਤੂੰ ਖ਼ਾਬਾਂ ਤੀਕ ਨਿਚੋੜ ਲਿਆ

ਥੋੜ੍ਹੇ ਜਿਹੇ ਸੀ ਪਹਿਲੋਂ, ਹੁਣ ਹੋਰ ਆ ਰਲੇ ਨੇ
ਸਾਧਾਂ ਦੇ ਕਾਫ਼ਲੇ ਵਿਚ, ਕੁਝ ਚੋਰ ਆ ਰਲੇ ਨੇ

ਮੰਡੀ 'ਚ ਜਾ ਖੜ੍ਹੇ ਨੇ ਸਾਜ਼ਾਂ ਸਮੇਤ ਸਾਜ਼ੀ
ਸੰਗੀਤ ਦੀ ਕਲਾ ਵਿਚ, ਹੁਣ ਸ਼ੋਰ ਆ ਰਲੇ ਨੇ

ਛੱਡ ਕਿਰਤ ਦੀ ਕਮਾਈ, ਸੋਚਣ ਉਹ ਖੋਹਣ ਬਾਰੇ
ਕਾਵਾਂ ਦੇ ਝੁੰਡ ਵਿਚ ਹੁਣ, ਕੁਝ ਮੋਰ ਆ ਰਲੇ ਨੇ

ਅਪਣੀ ਬਚਾ ਕੇ ਇੱਜ਼ਤ, ਏਥੋਂ ਵਿਦਾ ਤੂੰ ਹੋ ਜਾ
ਅਦਬੀ ਸਫ਼ਾਂ ਦੇ ਵਿਚ ਹੁਣ, ਮੂੰਹ-ਜ਼ੋਰ ਆ ਰਲੇ ਨੇ

ਪੈਸੇ ਦੇ ਜ਼ੋਰ 'ਤੇ ਉਹ, ਬੈਠੇ ਨੇ ਬਣ ਕੇ ਕਾਮਲ
ਫ਼ਸਲਾਂ ਦੇ ਰਾਖਿਆਂ ਵਿਚ, ਕੁਝ ਢੋਰ ਆ ਰਲੇ ਨੇ

ਸ਼ੁਹਰਤ ਦੀ ਲਲ੍ਹਕ ਐਸੀ, ਅਪਣਾ ਵਕਾਰ ਭੁੱਲ ਕੇ
ਫੁੱਲਾਂ ਦੀ ਪਾਲ਼ ਵਿਚ ਹੁਣ, ਕੁਝ ਥੋਹਰ ਆ ਰਲੇ ਨੇ

ਪ੍ਰਵਾਹ ਨਹੀਂ ਕੋਈ ਜੇ 'ਗੌਤਮ' ਮਿਲੀ ਜੁਦਾਈ
ਇਸ ਦਰਦ ਨੂੰ ਮਿਟਾਵਣ ਗ਼ਮਖ਼ੋਰ ਆ ਰਲੇ ਨੇ

ਮਿਲੇ ਆਵਾਜ਼ ਸ਼ਬਦਾਂ ਨੂੰ ਜੋ ਅੰਬਰ ਭਾਉਣ ਨੂੰ ਤਰਸੇ
ਰਹੇ ਅਲਫ਼ਾਜ਼ ਦਿਲ ਵਿਚ ਜੋ ਤੇਰੇ ਤਕ ਆਉਣ ਨੂੰ ਤਰਸੇ

ਇਵੇਂ ਤਰਸੇ ਮੇਰੇ ਅਰਮਾਨ ਇਕ ਦੀਦਾਰ ਦੀ ਖ਼ਾਤਰ
ਜਿਵੇਂ ਔੜਾਂ ਦੇ ਵਿਚ ਧਰਤੀ ਪਿਆਸੀ ਸਾਉਣ ਨੂੰ ਤਰਸੇ

ਘਟਾ ਸੱਦੀ ਸੀ ਪਰਬਤ ਨੇ ਤੇ ਜਾ ਪੁੱਜੀ ਥਲਾਂ ਅੰਦਰ
ਬਣੇ ਬੂੰਦਾਂ ਦੇ ਜਦ ਨਗ਼ਮੇਂ ਤਾਂ ਪੱਥਰ ਗਾਉਣ ਨੂੰ ਤਰਸੇ

ਉਹ ਹੋ ਕੇ ਕੈਦ ਉਸ ਅੰਦਰ ਬਣੀ ਬੇਜਾਨ ਇਕ ਮੋਤੀ
ਪਈ ਸਿੱਪੀ ਦੇ ਵਿਚ ਇਕ ਬੂੰਦ ਸਾਗਰ ਪਾਉਣ ਨੂੰ ਤਰਸੇ

ਸਮੇਂ ਦੇ ਨਾਲ ਜੋ ਦੌੜੇ ਮੁਹੱਬਤ ਰਹਿ ਗਈ ਪਿੱਛੇ
ਇਹ ਕੈਸੀ ਬੇਕਰਾਰੀ ਹੈ ਕਿ ਹੁਣ ਮੁਸਕਾਉਣ ਨੂੰ ਤਰਸੇ

ਖਿੜੀ ਗੁਲਦਾਨ ਵਿਚ ਤੇ ਦੇਖਦੀ ਬਾਹਰ ਨੂੰ ਐ 'ਗੌਤਮ'
ਕਲੀ ਇਕ ਭੌਰ ਨੂੰ ਤਰਸੇ, ਸੁਗੰਧੀ ਪੌਣ ਨੂੰ ਤਰਸੇ

ਵਿਚਾਲੇ ਫਸ ਕੇ ਦੁਨੀਆ ਦੇ, ਸਹਾਰਾ ਭਾਲਦਾ ਹੈ ਦਿਲ
ਇੱਛਾਵਾਂ ਦੇ ਸਮੁੰਦਰ ਦਾ, ਕਿਨਾਰਾ ਭਾਲਦਾ ਹੈ ਦਿਲ

ਤੜਪ ਜੋ ਸੀ ਮੁਹੱਬਤ ਦੀ, ਹਵਸ 'ਤੇ ਆਣ ਮੁੱਕੀ ਹੈ
ਉਹ ਭੋਲਾਪਣ, ਖਰਾ ਦਾਮਨ, ਦੁਬਾਰਾ ਭਾਲਦਾ ਹੈ ਦਿਲ

ਬੁਖਾਰੇ ਬਲਖ ਵੀ ਦੇਖੇ, ਕਿਤੇ ਪਰ ਚੈਨ ਮਿਲਿਆ ਨਾ
ਜੋ ਮਨ ਵਿਚ ਸੀ, ਉਹ ਛੱਜੂ ਦਾ ਚੁਬਾਰਾ ਭਾਲਦਾ ਹੈ ਦਿਲ

ਇਹਦੀ ਹਰ ਡਾਲ 'ਤੇ ਧੋਖਾ, ਇਹਦੇ ਹਰ ਪੱਤ ਵਿਚ ਨਫ਼ਰਤ
ਜਲਾ ਦੇਵੇ ਜੋ ਇਹ ਜੰਗਲ, ਸ਼ਰਾਰਾ ਭਾਲਦਾ ਹੈ ਦਿਲ

ਮੁਹੱਬਤ ਵੀ ਰਹੇ ਜ਼ਿੰਦਾ, ਤੇਰਾ ਵੀ ਨਾਮ ਨਾ ਉੱਛਲੇ
ਰਹੇ ਹੁੰਦਾ ਤੇਰਾ ਮੇਰਾ ਗੁਜ਼ਾਰਾ ਭਾਲਦਾ ਹੈ ਦਿਲ

ਤੇਰੀ ਇਸ ਮੁਸਕਰਾਹਟ ਨੇ ਹੈ 'ਗੌਤਮ' ਮੋਹ ਲਿਆ ਲੇਕਿਨ
ਤੇਰੇ ਮਖ਼ਮੂਰ ਨੈਣਾਂ 'ਚੋਂ, ਇਸ਼ਾਰਾ ਭਾਲਦਾ ਹੈ ਦਿਲ

ਮੈਂ ਸੋਚਾਂ ਤਾਂ ਖ਼ੁਸ਼ਬੂ, ਮੈਂ ਦੇਖਾਂ ਤਾਂ ਪਾਣੀ
ਮੇਰੇ ਇਸ਼ਕ ਦੀ ਹੈ, ਅਜਬ ਇਹ ਕਹਾਣੀ
ਆ ਵੀ ਜਾ ਨੀ ਜਿੰਦੇ, ਆ ਗਏ ਨੇ ਪਰਿੰਦੇ
ਕਦੇ ਰੁੱਸ ਕੇ ਨਾ ਜਾਣ ਇਉਂ ਰੂਹ ਦੇ ਹਾਣੀ

ਮੈਂ ਲੱਭਾਂ ਉਹ ਚਿਹਰਾ ਜੋ ਸੋਚਾਂ 'ਚ ਘੁੰਮੇ
ਬਣੇ ਰਿਸ਼ਮ ਤੇ ਹੱਥ ਮੇਰਾ ਜੋ ਚੁੰਮੇ
ਬੜੀ ਧੁੰਦ ਛਾਈ, ਸਮਝ ਕੁਝ ਨਾ ਆਈ
ਜੋ ਸੀ ਇਕ ਹਕੀਕਤ, ਮੈਂ ਸੁਪਨਾ ਉਹ ਜਾਣੀ

ਉਹ ਕਲੀਆਂ ਦਾ ਹੱਸਣਾ, ਉਹ ਭੌਰਾਂ ਦਾ ਗਾਉਣਾ
ਜਿਵੇਂ ਫੁੱਲ ਨੂੰ ਛੂਹ ਕੇ, ਮਹਿਕ ਜਾਣ ਪੌਣਾਂ
ਮੇਰੇ ਤਨ 'ਤੇ ਛਾਈ, ਉਹ ਖ਼ਾਬਾਂ ਦੀ ਜਾਈ
ਉਹ ਬੈਠੀ ਸੀ ਬਣ ਕੇ, ਮੇਰੇ ਦਿਲ ਦੀ ਰਾਣੀ

ਕਦੇ ਸੀ ਜੋ ਸਾਇਆ, ਉਹ ਲੱਗੇ ਪਰਾਇਆ
ਉਹ ਤੋੜੇ ਮੈਂ ਜੋੜਾਂ, ਜੋ ਸੁਪਨਾ ਸਜਾਇਆ
ਨਾ ਝਗੜਾ ਨਾ ਬੋਸਾ, ਸੀ ਸ਼ਬਦਾਂ 'ਚ ਰੋਸਾ
ਗਈ ਉਲਝ ਏਦਾਂ, ਮੇਰੇ ਦਿਲ ਦੀ ਤਾਣੀ

ਜਦੋਂ ਸੜ ਸੀ ਚੁੱਕਾ, ਮੈਂ ਬਿਰਹਾ ਦੀ ਧੁੱਪੇ
ਘਟਾ ਬਣ ਕੇ ਆਈ ਉਹ ਫਿਰ ਓਸ ਰੁੱਤੇ
ਗਏ ਲੰਘ ਵੇਲੇ, ਇਹ ਹੋਣੇ ਨਾ ਮੇਲੇ
ਨਾ 'ਗੌਤਮ' ਤੋਂ ਜਾਣੀ, ਤੇਰੀ ਛਾਂ ਇਹ ਮਾਣੀ

ਏਥੇ ਹੈ ਤੇਰਾ ਕੌਣ ਤੇ ਕਿਸ ਦੀ ਉਡੀਕ ਹੈ
ਵਾਅਦੇ ਤਾਂ ਵਾਅਦੇ ਨੇ ਜਿਵੇਂ ਪਾਣੀ 'ਤੇ ਲੀਕ ਹੈ

ਸੀ ਤੰਦ ਸੂਖ਼ਮ ਪਿਆਰ ਦੀ ਖਿੱਚੀ ਤੇ ਟੁੱਟ ਗਈ
ਪਰ ਡੋਰ ਇਸ ਵਿਸ਼ਵਾਸ ਦੀ ਉਸ ਤੋਂ ਬਰੀਕ ਹੈ

ਕਦ ਹੋਏਗਾ ਤੈਅ ਕੀ ਪਤਾ, ਮੈਥੋਂ ਇਹ ਫ਼ਾਸਲਾ
ਜੋ ਮੇਰੇ ਦਿਲ ਤੋਂ ਲੈ ਕੇ ਤੇਰੇ ਦਿਲ ਦੇ ਤੀਕ ਹੈ

ਆਕਾਸ਼ ਤੇ ਧਰਤੀ ਜਿਹਾ ਅੰਤਰ ਹੈ ਉਸ ਕਿਹਾ
ਲਗਦਾ ਕਿ ਮੈਂ ਹੀ ਗ਼ਲਤ ਸਾਂ, ਸ਼ਾਇਦ ਉਹ ਠੀਕ ਹੈ

ਮੈਂ ਜਦ ਵੀ ਸਾਂ ਹੱਸਿਆ ਕਦੇ, ਕੋਹ-ਕੋਹ ਕੇ ਮਾਰਿਆ
ਤੇਰਾ ਤਾਂ ਐ 'ਗੌਤਮ' ਮੁਕੱਦਰ ਹੀ ਸ਼ਰੀਕ ਹੈ

ਤਬਾਹ ਕਰ ਕੇ ਜੋ ਰੁੱਖਾਂ ਨੂੰ ਨਵੀਂ ਬਸਤੀ ਬਣਾ ਦਿੱਤੀ
ਹਰੇ ਖੁਸ਼ਹਾਲ ਜੰਗਲ ਦੀ ਉਨ੍ਹਾਂ ਹਸਤੀ ਮਿਟਾ ਦਿੱਤੀ

ਸਦਾ ਅਫ਼ਸੋਸ ਰਹਿੰਦਾ ਹੈ ਜ਼ਮੀਰਾਂ ਵਾਂਗ ਭੋਏਂ ਦਾ
ਵਿਕੀ ਤੋਂ ਬਾਅਦ ਸਭ ਸੋਚਣ, ਅਸਾਂ ਸਸਤੀ ਗਵਾ ਦਿੱਤੀ

ਖ਼ੁਦਾ ਤੋਂ ਬਣ ਗਿਆ ਕਾਫ਼ਰ ਜ਼ਰਾ ਵੀ ਦੇਰ ਨਾ ਲੱਗੀ
ਕਿਸੇ ਦੇ ਸ਼ੋਖ਼ ਨੈਣਾਂ ਨੇ ਜਦੋਂ ਮਸਤੀ ਪਿਲਾ ਦਿੱਤੀ

ਬੜੇ ਮਜਬੂਰ ਉਹ ਮਾਪੇ, ਵਿਖਾ ਕੇ ਖੇਤ ਬੱਚੇ ਨੂੰ
ਖਿਡੌਣੇ ਦੀ ਬਜਾਏ ਓਸ ਨੂੰ ਦਾਤੀ ਫੜਾ ਦਿੱਤੀ

ਅਜਿਹਾ ਮੋਹ ਲਿਆ 'ਗੌਤਮ' ਤੇਰੇ ਇਸ ਪਾਰ ਨੇ ਆਖ਼ਰ
ਮੈਂ ਜਿਸ 'ਤੇ ਬੈਠ ਆਇਆ ਸੀ ਉਹੀ ਕਿਸ਼ਤੀ ਜਲਾ ਦਿੱਤੀ

ਗਰਦਿਸ਼ ਮੈਨੂੰ ਖੜ੍ਹਨ ਨਾ ਦੇਵੇ ਤਾਰੇ ਭੌਣ ਨਾ ਦਿੰਦੇ
ਜਾਗਦਿਆਂ ਟੁੱਟ ਜਾਵਣ ਫਿਰ ਵੀ ਸੁਪਨੇ ਸੌਣ ਨਾ ਦਿੰਦੇ

ਕਿਹੜੇ ਖੂੰਜੇ ਰੱਖਾਂ ਮੈਂ ਹੁਣ ਮਹਿਕਦੀਆਂ ਇਹ ਯਾਦਾਂ
ਮੇਰੇ ਘਰ ਦੇ ਫੁੱਲ ਹੀ ਮੈਨੂੰ ਘਰ ਮਹਿਕਾਉਣ ਨਾ ਦਿੰਦੇ

ਕਾਵਾਂ ਦੀ ਸਰਕਾਰ ਹੈ ਏਥੇ ਸੁਰ ’ਤੇ ਹੈ ਪਾਬੰਦੀ
ਜਿਸ ਦੇ ਮਨ ਵਿਚ ਕੋਇਲ ਵਸਦੀ ਉਸ ਨੂੰ ਗਾਉਣ ਨਾ ਦਿੰਦੇ

ਗ਼ੈਰਾਂ ਦਾ ਪਿੜ ਗਾਹੁੰਦੇ-ਗਾਹੁੰਦੇ ਘਸ ਗਈਆਂ ਨੇ ਖੁਰੀਆਂ
ਸਿਰ ਕਟਵਾਉਂਦੇ ਚੰਗੇ ਰਹਿੰਦੇ ਪਰ ਇਹ ਧੌਣ ਨਾ ਦਿੰਦੇ

ਵੇਚ ਰਹੇ ਨੇ ਅੱਜ ਵੀ ਮਾਲੀ ਖ਼ੁਦ ਕਲੀਆਂ ਦੀ ਲਾਲੀ
ਜਿਸਮਾਂ ਦੇ ਸੌਦਾਗਰ ਹੱਥੀਂ ਚੂੜਾ ਪਾਉਣ ਨਾ ਦਿੰਦੇ

ਵੇਲ਼ਾ ਸੀ ਜਦ ਬੰਦ ਕਰੇ ਤੂੰ ਅਪਣੇ ਦਿਲ ਦੇ ਬੂਹੇ
ਸ਼ਾਮ ਪਈ ਹੁਣ ਕਿਹੜਾ ਆਵੇ ਰਸਤੇ ਆਉਣ ਨਾ ਦਿੰਦੇ

■

ਰਿਹਾ ਦਰਿਆ ਦਾ ਹੀ ਤਾਰੂ, ਸਮੁੰਦਰ ਤਰ ਨਹੀਂ ਹੋਇਆ
ਮੇਰੇ ਤੋਂ ਮਨ ਦੀਆਂ ਲਹਿਰਾਂ ਨੂੰ ਕਾਬੂ ਕਰ ਨਹੀਂ ਹੋਇਆ

ਕਦੇ ਗ਼ਰਜ਼ਾਂ, ਕਦੇ ਫ਼ਰਜ਼ਾਂ ਨੇ ਪੂਰਾ ਹੋਣ ਨਾ ਦਿੱਤਾ
ਮੈਂ ਬੂੰਦਾਂ ਵਿਚ ਰਿਹਾ ਸ਼ਾਮਿਲ, ਕਦੇ ਸਰਵਰ ਨਹੀਂ ਹੋਇਆ

ਮੈਂ ਆਪੇ ਆਖਿਆ ਸੀ ਕਿ ਨਹੀਂ ਪਰਵਾਹ ਕੋਈ ਸਿਰ ਦੀ
ਪਈ ਜਦ ਲੋੜ ਮੈਥੋਂ ਸਿਰ ਤਲੀ 'ਤੇ ਧਰ ਨਹੀਂ ਹੋਇਆ

ਨਦੀ ਦੇ ਵਾਂਗ ਹੀ ਨਿਕਲੇ, ਉਹ ਸੋਚਾਂ ਦੀ ਪਹਾੜੀ 'ਚੋਂ
ਕਈ ਵਾਰੀ ਕਿਹਾ ਰੁਕ ਜਾ, ਅਜੇਹਾ ਪਰ ਨਹੀਂ ਹੋਇਆ

ਰਹੀ ਸੀ ਛੌਰ ਸਿਰ 'ਤੇ ਹਰ ਸਮੇਂ ਵੱਡਿਆਂ ਦਰਖ਼ਤਾਂ ਦੀ
ਮੈਂ ਬਣ ਕੇ ਰਹਿ ਗਿਆ ਬੂਟਾ ਕਦੇ ਤਰਵਰ ਨਹੀਂ ਹੋਇਆ

■

ਕੋਈ ਪੱਤਾ ਨਹੀਂ ਹਿੱਲਦਾ, ਹਵਾ ਖ਼ਾਮੋਸ਼ ਬੈਠੀ ਹੈ
ਕਿ ਤੇਰੇ ਜਾਣ ਦੀ ਪੀੜਾ, ਗੁਆ ਕੇ ਹੋਸ਼ ਬੈਠੀ ਹੈ

ਜਿਨ੍ਹਾਂ ਨੇ ਲੁੱਟਿਆ ਉਸ ਨੂੰ, ਸਰੇ ਬਾਜ਼ਾਰ ਫਿਰਦੇ ਨੇ
ਗੁਆ ਕੇ ਆਬਰੂ ਘਰ ਵਿਚ, ਕਲੀ ਖ਼ਾਮੋਸ਼ ਬੈਠੀ ਹੈ

ਸੁਣਾਵਾਂ ਦੁੱਖ ਕਿਸ ਨੂੰ ਮੈਂ, ਕਰੂ ਇਨਸਾਫ਼ ਕੀ ਏਥੇ
ਅਦਾਲਤ ਆਪ ਮੁਜਰਮ ਦੇ, ਜਦੋਂ ਆਗੋਸ਼ ਬੈਠੀ ਹੈ

ਇਵੇਂ ਹੀ ਲੜ ਰਹੇ ਲੋਕੀ, ਜਿਵੇਂ ਸ਼ਤਰੰਜ ਦੇ ਮੋਹਰੇ
ਸਿਆਸਤ ਚਾਲ ਚਲਦੀ ਹੈ, ਕਜ਼ਾ ਪੁਰਜੋਸ਼ ਬੈਠੀ ਹੈ

ਹਸ਼ਰ ’ਤੇ ਆਣ ਪੁੱਜੀ ਹੈ, ਮਨੁੱਖੀ ਜਾਤ ਹੁਣ ਲਗਦਾ
ਭਰੋਸੇ, ਪਿਆਰ, ਰਹਿਮਤ ਦਾ, ਗੁਆ ਕੇ ਕੋਸ਼ ਬੈਠੀ ਹੈ

ਅਸਾਡੇ ਦੋਗਲੇਪਣ ਤੋਂ, ਡਰੀ ਹੋਈ ਇਵੇਂ ‘ਗੌਤਮ’
ਸਚਾਈ ਹੁਣ ਦਿਲਾਂ ਦੇ ਵਿਚ, ਤਦੇ ਰੂਪੋਸ਼ ਬੈਠੀ ਹੈ

ਅਸਾਨੂੰ ਡੋਬ ਕੇ ਉਹ ਆਪ ਕਿਹੜਾ ਤਰ ਗਿਆ ਹੋਣੈ
ਜੇ ਉਹ ਤਰ ਵੀ ਗਿਆ ਹੋਊ ਤਾਂ ਰੂਹ ਤਕ ਮਰ ਗਿਆ ਹੋਣੈ

ਕਲਮ ਡਸਦੀ ਹੈ ਉਸ ਦੀ ਰੋਜ਼, ਕਾਗਜ਼ ਦੀ ਸ਼ਰਾਫ਼ਤ ਨੂੰ
ਜ਼ਹਿਰ ਨਫ਼ਰਤ ਦਾ ਇਉਂ ਉਸ ਦੇ ਲਹੂ ਵਿਚ ਭਰ ਗਿਆ ਹੋਣੈ

ਨਹੀਂ ਅਫ਼ਸੋਸ ਕੋਈ ਵੀ ਕਿ ਸਾਡੇ ਨਾਲ ਨਾ ਨਿਭਿਆ
ਘੜਾ ਕੱਚਾ ਹੀ ਸੀ ਉਹ ਯਾਰ, ਤਾਂ ਹੀ ਖਰ ਗਿਆ ਹੋਣੈ

ਮਿਲੀ ਹੈ ਜੇਲ੍ਹ ਇਹ ਕੈਸੀ, ਜੋ ਛੱਡਦੀ ਹੈ, ਨਾ ਛੁੱਟਦੀ ਹੈ
ਭਲਾ ਪਰਦੇਸ ਵਿੱਚੋਂ, ਕੌਣ ਵਾਪਿਸ ਘਰ ਗਿਆ ਹੋਣੈ

ਗਿਲਾ, ਸ਼ਿਕਵਾ, ਸ਼ਿਕਾਇਤ, ਰੰਜ, ਗੁੱਸਾ ਨਾ ਤੇਰੇ ਉੱਤੇ
ਲਵੀਂ ਤੂੰ ਸੋਚ ਉਹ 'ਗੌਤਮ' ਹੈ, ਇਸ ਲਈ ਜਰ ਗਿਆ ਹੋਣੈ

ਸਦਾ ਚਿੰਤਾ ਦੇ ਵਿਚ ਰਹਿਨੈਂ, ਕਦੇ ਚਿੰਤਨ ਦੇ ਵਿਚ ਵੀ ਆ
ਜੋ ਹੋਰਾਂ ਨੂੰ ਪਿਆ ਕਹਿਨੈਂ, ਕਦੇ ਖ਼ੁਦ ਨੂੰ ਵੀ ਤਾਂ ਸਮਝਾ

ਨਹੀਂ ਆਵਾਗਵਨ ਰੁਕਣਾ, ਹਜ਼ਾਰਾਂ ਸਾਲ ਤਪ ਕਰ ਕੇ
ਜੇ ਮੁਕਤੀ ਲੋਚਦਾ ਏਂ ਤੂੰ, ਮੁਹੱਬਤ ਦਾ ਜਗਾ ਦੀਵਾ

ਅਜੇ ਤੁਰਨਾ ਨਹੀਂ ਸਿੱਖੇ, ਉਹ ਚਲਦੇ ਚਾਲ ਭੇਡਾਂ ਦੀ
ਉਨ੍ਹਾਂ ਨੇ ਸਿਰ ਨਹੀਂ ਵਰਤੇ, ਤੇ ਕੱਢਣ ਦੋਸ਼ ਕਿਸਮਤ ਦਾ

ਮੈਂ ਤੇਰਾ ਹੋ ਹੀ ਜਾਣਾ ਸੀ, ਜ਼ਰਾ ਹਾਮੀ ਭਰੀ ਹੁੰਦੀ
ਨਾ ਉਮਰਾਂ ਤੀਕ ਇਕ ਦੂਜੇ ਲਈ ਭਰਦਾ ਕੋਈ ਹਉਕਾ

ਨਜ਼ਾਰੇ ਖ਼ੂਬ ਨਜ਼ਰਾਂ ਦੇ, ਅਸਾਂ ਦੇਖੇ ਤੁਸਾਂ ਦੇਖੇ
ਜਵਾਨੀ ਢਲ ਗਈ ਦਾ ਹਸ਼ਰ ਪਰ ਕਿਉਂ ਦੇਖ ਨਾ ਹੋਇਆ

ਪਲਾਂ ਵਿਚ ਇਕ ਇਸ਼ਾਰੇ 'ਤੇ, ਬਦਲ ਜਾਂਦਾ ਗਣਿਤ ਮੇਰਾ
ਅਜਬ ਮਹਿਬੂਬ ਹੈ ਮੇਰਾ, ਕਦੇ ਤੋਲਾ ਕਦੇ ਮਾਸਾ

ਬਲੀ ਉਹ ਦੇ ਗਿਆ ਹੋਣੈ, ਕਿ ਫਿਰ ਜਜ਼ਬਾਤ ਦੀ 'ਗੌਤਮ'
ਚਮਕਿਆ ਫੇਰ ਅੰਬਰ ਵਿਚ, ਉਸੇ ਵਰਗਾ ਕੋਈ ਤਾਰਾ

ਕਦੇ ਉਹ ਵਕਤ ਸੀ ਮੈਂ ਦੂਰ ਤੋਂ ਪਹਿਚਾਣ ਲੈਂਦਾ ਸੀ
ਹਵਾ ਦੇ ਰੁਖ਼ ਤੋਂ ਹੀ ਉਸ ਦੀ ਤਬੀਅਤ ਜਾਣ ਲੈਂਦਾ ਸੀ

ਜਦੋਂ ਨਾਸਾਜ਼ ਹੁੰਦਾ ਸੀ, ਕਦੇ ਮੌਸਮ ਜਵਾਨੀ ਦਾ
ਉਹਦੇ ਵਿਸ਼ਵਾਸ ਦੀ ਖੁਸ਼ਬੂ ਦਾ ਪੱਲੂ ਤਾਣ ਲੈਂਦਾ ਸੀ

ਜਦੋਂ ਤਕਦੀ ਸੀ ਮਜਬੂਰੀ, ਉਦਾਸੀ ਬਣ ਕੇ ਨੈਣਾਂ 'ਚੋਂ
ਉਹਦੇ ਨੈਣਾਂ ਦੇ ਝਰਨੇ 'ਚੋਂ, ਮੈਂ ਖ਼ੁਦ ਨੂੰ ਛਾਣ ਲੈਂਦਾ ਸੀ

ਬਦਲਦੇ ਵਕਤ ਨੇ ਕਿੰਨਾ ਬਦਲ ਦਿੱਤਾ ਸੁਭਾਅ, ਨਈਂ ਤਾਂ
ਖ਼ਤਾਂ ਰਾਹੀਂ ਮੁਹੱਬਤ ਦੀ, ਉਹ ਖ਼ੁਸ਼ਬੂ ਮਾਣ ਲੈਂਦਾ ਸੀ

ਸਿਖਾ ਦਿੱਤਾ ਮੁਹੱਬਤ ਨੇ, ਸਲੀਕਾ ਜੀਣ ਦਾ 'ਗੌਤਮ'
ਨਹੀਂ ਤਾਂ ਮੈਂ ਉਹ ਕਰਦਾ ਸੀ, ਜੋ ਦਿਲ ਵਿਚ ਠਾਣ ਲੈਂਦਾ ਸੀ

ਇਵੇਂ ਫੁੱਲਾਂ ’ਤੇ ਹੈ ਸ਼ਬਨਮ ਕਿ ਲਗਦਾ ਰਾਤ ਜਿਉਂ ਰੋਈ
ਮੇਰਾ ਮੁਰਝਾ ਗਿਆ ਗੁਲਸ਼ਨ, ਕਲੀ ਇਕ ਇਸ ਤਰ੍ਹਾਂ ਮੋਈ

ਨਜ਼ਰ ਤੋਂ ਵੀ ਕਿਤੇ ਮਾੜਾ ਨਜ਼ਰੀਆ ਲੋਕ ਰੱਖਦੇ ਨੇ
ਨਹੀਂ ਤਾਂ ਮਾਪਿਆਂ ਹੱਥੋਂ, ਕਦੇ ਨਾ ਧੀ ਮਰੇ ਕੋਈ

ਚਲੋ ਏਦਾਂ ਵੀ ਚੰਗਾ ਹੈ ਜੇ ਟੁੱਟੇ ਦਿਲ, ਸਮਝ ਲੈਣਾ
ਉਹ ਸੀ ਇਕ ਹਾਦਸਾ ਹੋਇਆ, ਮੁਹੱਬਤ ਤਾਂ ਨਹੀਂ ਹੋਈ

ਪੁਗਾਉਣਾ ਇਸ਼ਕ ਹੈ ਮੁਸ਼ਕਲ ਤੇ ਯਾਰੀ ਓਸ ਤੋਂ ਔਖੀ
ਗਿਰੇ ਜੋ ਇਸ ਬੁਲੰਦੀ ਤੋਂ ਮਿਲੇ ਨਾ ਓਸ ਨੂੰ ਢੋਈ

ਸ਼ਰਾਫ਼ਤ ਦਿਲ ਦਾ ਗਹਿਣਾ ਹੈ, ਇਹ ਆਦਮ ਜਾਤ ਦਾ ਹਾਸਿਲ
ਬੜਾ ਔਖਾ ਗੁਜ਼ਰ ਜਾਣਾ ਬਚਾ ਕੇ ਆਪਣੀ ਲੋਈ

ਸਮੇਂ ਪ੍ਰਭਾਤ ਦੇ ਉਹ ਸ਼ੋਰ ਜੋ ਏਨਾ ਮਚਾਉਂਦੀ ਹੈ
ਇਹ ਸੂਰਜ ਦੀ ਨਹੀਂ ਉਸਤਤ, ਚਿੜੀ ਕੁਝ ਹੋਰ ਗਾਉਂਦੀ ਹੈ

ਇਹ ਤਾਂ ਵੈਰਾਗ਼ ਹੈ ਉਸ ਦਾ, ਇਹਨੂੰ ਸੰਗੀਤ ਨਾ ਸਮਝੀਂ
ਉਜਾਲੇ ਖਾ ਗਏ ਬੋਟਾਂ ਨੂੰ, ਮਮਤਾ ਵੈਣ ਪਾਉਂਦੀ ਹੈ

ਗ਼ੁਨਾਹਾਂ ਦੇ ਸਮੁੰਦਰ ਦੀ, ਖ਼ਬਰ ਰਖਦਾ ਹੈ ਦਿਲ ਏਨੀ
ਕਦੋਂ ਪੀਂਦੀ ਹੈ ਪਾਣੀ ਤੇ ਕਦੋਂ ਮੱਛੀ ਨਹਾਉਂਦੀ ਹੈ

ਬੜੀ ਰੌਣਕ ਬੜੀ ਮਾਇਆ, ਤੇਰੇ ਦਰਬਾਰ ਦੇ ਉੱਤੇ
ਕਮਾਉਂਦੀ ਪਾਪ ਜੋ ਦੁਨੀਆ, ਤੇਰਾ ਹਿੱਸਾ ਚੜ੍ਹਾਉਂਦੀ ਹੈ

ਉਤਰ ਕੇ ਓਸ ਦੇ ਵਿਚ, ਰੂਹ ਮੇਰੀ ਹੁਣ ਡੁੱਬਣਾ ਚਾਹੇ
ਬੜੀ ਸਾਊ ਨਦੀ ਭੋਲੀ, ਲਿਜਾਣਾ ਪਾਰ ਚਾਹੁੰਦੀ ਹੈ

ਕੋਈ ਵਰਦਾਨ 'ਗੌਤਮ' ਮਾਂ ਦਿਆਂ ਬੋਲਾਂ ਤੇ ਹੱਥਾਂ ਨੂੰ
ਮੇਰਾ ਹਰ ਦਰਦ ਸੌਂ ਜਾਂਦਾ, ਜਦੋਂ ਲੋਰੀ ਸੁਣਾਉਂਦੀ ਹੈ

ਇਹ ਰੰਗਾਂ ਦੀ ਬਗ਼ਾਵਤ ਹੈ, ਇਹ ਮੌਸਮ ਦੀ ਸਿਆਸਤ ਹੈ
ਕਿ ਦੁਰਗਤ ਹੈ ਬਹਾਰਾਂ ਦੀ, ਤੇ ਪਤਝੜ ਦਾ ਸੁਆਗਤ ਹੈ

ਕਿਤੇ ਹੈ ਸੋਗ ਆਮਦ 'ਤੇ, ਕਿਤੇ ਰੌਣਕ ਵਿਦਾਈ ਦੀ
ਹੈ ਜਿਸ ਦੀ ਹੋਂਦ ਤੋਂ ਦੁਨੀਆ, ਉਹਦੀ ਏਧਰ ਇਹ ਹਾਲਤ ਹੈ

ਅਦੀਬਾਂ ਦੀ ਗਲੀ ਜਾ ਕੇ, ਬੜਾ ਮਾਯੂਸ ਹੋਇਆ ਹਾਂ
ਕਿ ਸ਼ੁਹਰਤ ਦੇ ਨਸ਼ੇ ਅੱਗੇ, ਅਜੇ ਥਿੜਕਣ ਦੀ ਆਦਤ ਹੈ

ਮੁਸੱਵਰ ਦਾ ਤਸੱਵਰ, ਬੇਖ਼ੁਦੀ ਵਿਚ ਪੂਜਦੀ ਦੁਨੀਆ
ਉਹ ਕਿਉਂ ਹੈ, ਕੌਣ ਹੈ, ਕਿੱਥੇ ਹੈ ਅੱਜ ਤੀਕਰ ਬੁਝਾਰਤ ਹੈ

ਇਹ ਨਸਲਾਂ ਦੀ ਲੜਾਈ ਤਾਂ, ਅਕੀਦੇ ਨਾਲ ਹੈ ਬੱਝੀ
ਜਹਾਲਤ ਵਿਚ ਕਤਲ ਹੋਣਾ ਇਹ ਕਿੱਥੋਂ ਦੀ ਸ਼ਹਾਦਤ ਹੈ

ਮਿਲੇ ਵਿਸ਼ਵਾਸ ਵਿਚ ਧੋਖਾ, ਮੁਹੱਬਤ ਵਿਚ ਨਹੀਂ ਮਿਲਦਾ
ਮੁਹੱਬਤ ਹੋ ਗਈ ਤਾਂ ਫਿਰ, ਇਨਾਇਤ ਹੀ ਇਨਾਇਤ ਹੈ

ਕਿਨਾਰੇ ਬੈਠ ਕੇ ਇਸ ਦੇ, ਇਵੇਂ ਸਰਨਾ ਨਹੀਂ 'ਗੌਤਮ'
ਇਹ ਭਵ-ਸਾਗਰ ਕਰਾਂਗੇ ਪਾਰ, ਜੇ ਮਨ ਵਿਚ ਸਦਾਕਤ ਹੈ

ਸਮੁੰਦਰ ਹੈ, ਨਦੀ ਵੀ ਹੈ, ਕਿ ਤਪਦੇ ਥਾਰ ਤੋਂ ਅੱਗੇ
ਬੜਾ ਕੁਝ ਹੈ ਅਜੇ ਬਾਕੀ, ਮੇਰੇ ਵਿਸਤਾਰ ਤੋਂ ਅੱਗੇ

ਰਜ਼ਾ ਵੀ ਸੀ, ਵਫ਼ਾ ਵੀ ਸੀ, ਤੇ ਇਕ ਪੂਜਾ ਜਿਹਾ ਜਜ਼ਬਾ
ਤੂੰ ਐਪਰ ਦੇਖਿਆ ਹੀ ਨਾ, ਕਦੇ ਇਸ ਪਾਰ ਤੋਂ ਅੱਗੇ

ਜੇ ਤੋੜੇ ਦਿਲ ਕੋਈ ਤਾਂ ਵੀ, ਇਹ ਅਕਸਰ ਨਿਭ ਹੀ ਜਾਂਦੇ ਨੇ
ਨਹੀਂ ਬਚਦਾ ਕੋਈ ਰਿਸ਼ਤਾ, ਤਿੜੇ ਇਤਬਾਰ ਤੋਂ ਅੱਗੇ

ਕਿਸਾਨੀ ਤੇ ਜਵਾਨੀ ਦਾ, ਇਵੇਂ ਫਿਰ ਘਾਣ ਨਾ ਹੁੰਦਾ
ਜੇ ਥੋੜ੍ਹਾ ਸੋਚਦੇ ਹਾਕਮ, ਕਦੇ ਪਰਿਵਾਰ ਤੋਂ ਅੱਗੇ

ਬੜੀ ਗ਼ੁਰਬਤ, ਜ਼ਲਾਲਤ ਵਿਚ, ਮਰ-ਮਰ ਜੀ ਰਹੇ ਲੋਕੀ
ਭਲਾ ਫਿਰ ਹੋਰ ਕਿਹੜਾ ਨਰਕ ਹੈ ਸੰਸਾਰ ਤੋਂ ਅੱਗੇ

ਤੇਰੇ ਖ਼ਾਮੋਸ਼ ਹੋਠਾਂ ਦੀ, ਮੈਂ ਪੀੜਾ ਜਾਣ ਚੁੱਕਾ ਸੀ
ਬੜਾ ਕੁਝ ਸੀ ਅਜੇ ਬਾਕੀ, ਤੇਰੇ ਇਨਕਾਰ ਤੋਂ ਅੱਗੇ

ਤੂੰ ਕਰ ਕੁਝ ਹੌਸਲਾ 'ਗੌਤਮ', ਹੈ ਬਸ ਕੁਝ ਦੂਰ ਹੀ ਮੰਜ਼ਿਲ
ਉਡੀਕਾਂ ਕਰ ਰਿਹਾ ਸਾਹਿਲ, ਕਿਤੇ ਮੰਝਧਾਰ ਤੋਂ ਅੱਗੇ

ਸੂਹੀ ਸਵੇਰ ਦਾ ਮੈਂ, ਸੂਰਜ ਉਭਾਰ ਕੇ
ਮਿਲਣਾ ਹੈ ਪਾਰ ਤੈਨੂੰ, 'ਨ੍ਹੇਰਾ ਉਤਾਰ ਕੇ

ਕਰਨਾ ਹੈ ਦੂਰ ਕੂੜਾ, ਸਦੀਆਂ ਤੋਂ ਜੋ ਪਿਆ
ਦੇਣਾ ਹੈ ਬੱਚਿਆਂ ਨੂੰ, ਇਹ ਘਰ ਸੰਵਾਰ ਕੇ

ਧਰਮਾਂ ਦਾ ਫ਼ਲਸਫ਼ਾ ਵੀ, ਹੁਣ ਫ਼ੇਲ੍ਹ ਹੋ ਗਿਆ
ਹੋਇਆ ਨਾ ਰੱਖ ਇਸ ਤੋਂ, ਬੰਦਾ ਨਿਖ਼ਾਰ ਕੇ

ਜੇ ਤੂੰ ਹੈ ਰੱਬ ਪਾਉਣਾ, ਤਾਂ ਆ ਮਿਲਾ ਦਿਆਂ
ਤੂੰ ਆਦਤਾਂ ਨੂੰ ਐਪਰ, ਆਵੀਂ ਸੁਧਾਰ ਕੇ

ਕਰਨੈ ਸਹੀ ਜੇ ਖ਼ੁਦ ਨੂੰ, ਜੀਣਾ ਤੂੰ ਇਸ ਤਰ੍ਹਾਂ
ਕਿਉਂ ਹੈ ਤੇ ਕੀ ਹੈ ਜੀਵਨ, ਹਰ ਪਲ ਵਿਚਾਰ ਕੇ

ਉਸ ਦਿਨ ਸਕੂਨ ਮਿਲਿਆ, ਮੁਕਤੀ ਵੀ ਆ ਮਿਲੀ
ਜਦ ਪਾ ਲਿਆ ਮੈਂ 'ਗੌਤਮ' ਖ਼ੁਦ ਨੂੰ ਨਿਤਾਰ ਕੇ

ਹਿਮਾਕਤ ਹੋਰ ਹੁੰਦੀ ਹੈ, ਬਗ਼ਾਵਤ ਹੋਰ ਹੁੰਦੀ ਹੈ
ਤਜ਼ਰਬਾ ਹੋਰ ਹੁੰਦਾ ਹੈ, ਲਿਆਕਤ ਹੋਰ ਹੁੰਦੀ ਹੈ

ਕਿਵੇਂ ਮੈਂ ਦੇ ਦਿਆਂ ਤੈਨੂੰ, ਖਿੜੇ ਫੁੱਲਾਂ ਜਿਹਾ ਦਰਜਾ
ਕਿ ਨਖ਼ਰਾ ਹੋਰ ਹੁੰਦਾ ਹੈ, ਨਜ਼ਾਕਤ ਹੋਰ ਹੁੰਦੀ ਹੈ

ਕਰੇਂ ਅਰਦਾਸ ਹਰ ਵੇਲੇ, ਤੇ ਮੰਗੇ ਕੀ ਅਤੇ ਕਿਸ ਤੋਂ
ਕਿ ਤਰਲਾ ਹੋਰ ਹੁੰਦਾ ਹੈ, ਇਬਾਦਤ ਹੋਰ ਹੁੰਦੀ ਹੈ

ਜੁੜੇ ਹੱਥਾਂ ਦੀ ਇਹ ਤਾਸੀਰ, ਖੋਲ੍ਹੇ ਭੇਤ ਉਸ ਦਿਲ ਦਾ
ਕਿ ਸੇਵਾ ਹੋਰ ਹੁੰਦੀ ਹੈ ਸਿਆਸਤ ਹੋਰ ਹੁੰਦੀ ਹੈ

ਨਹੀਂ ਇਨਕਾਰ ਉਹ ਕਰਦਾ, ਮਗਰ ਅਹਿਸਾਸ ਹੋ ਜਾਂਦਾ
ਗੁਜ਼ਾਰਿਸ਼ ਹੋਰ ਹੁੰਦੀ ਹੈ, ਇਨਾਇਤ ਹੋਰ ਹੁੰਦੀ ਹੈ

ਜਦੋਂ ਘਿਰਿਆ ਦੀਵਾਰਾਂ ਵਿਚ, ਉਦੋਂ ਹੀ ਸਮਝਿਆ 'ਗੌਤਮ'
ਕਿ ਘਰ ਕੁਝ ਹੋਰ ਹੁੰਦਾ ਹੈ, ਇਮਾਰਤ ਹੋਰ ਹੁੰਦੀ ਹੈ

ਕਦੇ ਖ਼ਾਲੀ ਰਹੇ ਕਾਸਾ, ਕਦੇ ਸੱਤੇ ਹੀ ਖੈਰਾਂ ਨੇ
ਇਹ ਜੀਵਨ ਇਕ ਸਮੁੰਦਰ ਹੈ, ਖੁਸ਼ੀ-ਗ਼ਮ ਦੋ ਹੀ ਲਹਿਰਾਂ ਨੇ

ਮੇਰੇ ਤੱਕ ਆਣ ਪੁੱਜੀ ਹੈ, ਮੇਰੀ ਹੀ ਰਾਹ, ਕਰਾਂ ਮੈਂ ਕੀ
ਕਿਸੇ ਲੇਖੇ ਨਹੀਂ ਲੱਗਾ ਸਫ਼ਰ, ਕੀਤਾ ਜੋ ਪੈਰਾਂ ਨੇ

ਮੈਂ ਅਪਣੇ ਹਾਲ 'ਤੇ ਰੋਵਾਂ, ਜਿਵੇਂ ਪੰਜਾਬ ਰੋਂਦਾ ਹੈ
ਕਿ ਦਰਿਆ ਪੰਜ ਵਗਦੇ ਨੇ, ਤੇ ਸੁੱਕੀਆਂ ਫਿਰ ਵੀ ਨਹਿਰਾਂ ਨੇ

ਡਰਾਵੇ ਸੁੰਨ ਗ਼ਲੀਆਂ ਦੀ, ਤੇ ਬੇ-ਆਬਾਦ ਨੇ ਸੱਥਾਂ
ਜਿਨ੍ਹਾਂ ਵਿਚ ਮੌਲ਼ਿਆ ਬਚਪਨ, ਉਹ ਕਿੱਥੇ ਹੁਣ ਦੁਪਹਿਰਾਂ ਨੇ

ਸਕੀਰੀ ਨਾ, ਸ਼ਰੀਕਾ ਨਾ ਤੇ ਨਾ ਹੀ ਗੱਲ ਸਾਂਝਾਂ ਦੀ
ਕਿ 'ਗੌਤਮ' ਕਰ ਲਿਆ ਵਾਸਾ, ਤੇਰੇ ਪਿੰਡਾਂ 'ਚ ਸ਼ਹਿਰਾਂ ਨੇ

ਸੂਹੇ, ਸਫ਼ੈਦ, ਨੀਲੇ, ਚਾਹੇ ਨੇ ਜਿਸ ਵੀ ਰੰਗੇ
ਸਭ ਬੂਟਿਆਂ ਨੂੰ ਲਗਦੇ, ਅਪਣੇ ਹੀ ਫੁੱਲ ਚੰਗੇ

ਸਾਡੇ ਖ਼ਿਲਾਫ਼ ਹੀ ਨਾ, ਕਰ ਦੇਣ ਇਹ ਬਗ਼ਾਵਤ
ਲਾਹੇ ਸ਼ਹੀਦ ਜੇਕਰ, ਹੁਣ ਸੂਲ਼ੀਆਂ 'ਤੇ ਟੰਗੇ

ਹਾਸਿਲ ਹੈ ਜ਼ਿੰਦਗੀ ਦਾ, ਸਭ ਨੂੰ ਹੀ ਪਿਆਰ ਕਰਨਾ
ਹੈ ਆਦਮੀ ਉਹ ਜਾਹਲ, ਜੋ ਇਸ ਤੋਂ ਘੱਟ ਮੰਗੇ

ਇਹ ਜ਼ਹਿਰ ਆਸ਼ਕੀ ਦਾ, ਸੁਣਿਆ ਸਰੂਰ ਦਿੰਦਾ
ਹੁਣ ਕਾਸ਼ ਇਹ ਮੁਹੱਬਤ, ਸਾਨੂੰ ਵੀ ਆਣ ਡੰਗੇ

ਕੱਜਦੇ ਰਹੇ ਜੋ ਖ਼ੁਦ ਨੂੰ, ਅਪਣੀ ਹੀ ਆਤਮਾ ਤੋਂ
ਜਦ ਵਾਸ਼ਨਾ ਬੁਲਾਵੇ, ਤੁਰ ਜਾਣ ਹੋ ਕੇ ਨੰਗੇ

ਹਿੰਦੂ ਤੇ ਨਾ ਹੀ ਮੁਸਲਿਮ, ਲੜਨਾ ਹੈ ਕੌਣ ਚਾਹੁੰਦਾ
ਸੱਤਾ ਦੀਆਂ ਨੇ ਜੁਗਤਾਂ, ਨਿੱਤ ਦੇ ਫ਼ਸਾਦ ਦੰਗੇ

'ਗੌਤਮ' ਤਾਂ ਦੌੜਿਆ ਸੀ ਡਰ ਕੇ ਹੀ ਜ਼ਿੰਦਗੀ ਤੋਂ
ਹਰ ਮੋੜ 'ਤੇ ਮਿਲੇ ਪਰ, ਉਸ ਨੂੰ ਹਜ਼ਾਰ ਪੰਗੇ

ਹਿਲਾ ਦੇਵੇ ਕਦੇ ਪਰਬਤ ਕਦੇ ਪੱਤਾ ਨਹੀਂ ਹਿਲਦਾ
ਸਮਝ ਸਕਿਆ ਨਾ ਆਖ਼ਰ ਭੇਤ ਮੌਸਮ ਵਾਂਗ ਮੈਂ ਦਿਲ ਦਾ

ਮਿਟਾ ਦੇਵੇ ਜੋ ਮੇਰੀ ਪਿਆਸ, ਰੂਹ ਤੀਕਰ ਦੁਆ ਕਰਕੇ
ਅਜੇਹਾ ਕੌਣ ਹੈ ਕਾਮਲ ਤੇ ਦੱਸੋ ਕਿਸ ਜਗ੍ਹਾ ਮਿਲਦਾ

ਤੇਰਾ ਕੀ ਆਸਰਾ ਮੈਨੂੰ, ਤੂੰ ਹੈਂ ਇਕ ਦੂਰ ਦਾ ਤਾਰਾ
ਹਨੇਰੇ ਦਾ ਮੁਸਾਫ਼ਰ ਕੀ ਕਰਾਂ, ਤੇਰੀ ਮੈਂ ਝਿਲਮਿਲ ਦਾ

ਕਰਾਮਾਤਾਂ ਦਿਖਾਉਂਦੇ ਨੇ ਮਸੀਹੇ, ਕੀ ਅਸੀਂ ਕਰੀਏ
ਉਹ ਲਾਂਬੂ ਲਾਉਣ ਤੋਂ ਪਹਿਲਾਂ, ਬਣਾਉਂਦੇ ਝਾੜ ਇਕ ਤਿਲ ਦਾ

ਤੇਰੇ ਜੰਗਲ ਦੇ ਵੱਲ ਨੂੰ ਹੋ ਤੁਰੀ ਹੈ, ਅੱਗ ਚੁੱਲ੍ਹੇ ਦੀ
ਐ ਚਿੜੀਏ ਚਹਿਕਣਾ ਭੁੱਲ ਕੇ, ਤੂੰ ਕੋਨਾ ਲੱਭ ਕਿਸੇ ਸਿਲ ਦਾ

ਨਾ ਰੱਖੀਂ ਆਸ ਤੂੰ ਕੋਈ, ਇਨ੍ਹਾਂ ਰੌਸ਼ਨ ਚਿਰਾਗ਼ਾਂ ਤੋਂ
ਹਨੇਰਾ ਦੂਰ ਨਾ ਕਰਨਾ ਇਨ੍ਹਾਂ 'ਗੌਤਮ' ਤੇਰੇ ਦਿਲ ਦਾ

ਕਦੇ ਫ਼ੁਰਸਤ ਨਹੀਂ ਮਿਲਦੀ, ਕਦੇ ਬਸ ਦਿਲ ਨਹੀਂ ਕਰਦਾ
ਉਹੀ ਹੁਣ ਯਾਦ ਹੈ, ਜਿਸ ਨੂੰ ਬੁਲਾਏ ਬਿਨ ਨਹੀਂ ਸਰਦਾ

ਬੜੀ ਬੇਚੈਨ ਹੈ ਧੜਕਣ, ਬੜਾ ਕੁਝ ਕਰ ਲਿਆ ਲੇਕਿਨ
ਹੈ ਇਕ ਗਹਿਰਾ ਖ਼ਲਾਅ ਦਿਲ ਵਿਚ, ਮੇਰੇ ਤੋਂ ਜੋ ਨਹੀਂ ਭਰਦਾ

ਮੈਂ ਰੋਵਾਂ ਯਾਦ ਕਰ ਕਰ ਕੇ, ਉਹ ਬੀਤੇ ਦੌਰ ਦੀ ਹਸਰਤ
ਬੜਾ ਕੁਝ ਖਰ ਗਿਆ ਦਿਲ 'ਚੋਂ, ਉਹਦਾ ਚੇਤਾ ਨਹੀਂ ਖਰਦਾ

ਉਹ ਬੰਦਾ ਡਰ ਹੀ ਜਾਂਦਾ ਹੈ, ਹਕੀਕਤ ਦੇ ਤਲਾਬਾਂ ਤੋਂ
ਕਿ ਖ਼ਿਆਲਾਂ ਦੇ ਸਮੁੰਦਰ ਵਿਚ, ਕਦੇ ਜੇ ਉਹ ਨਹੀਂ ਤਰਦਾ

ਬੜਾ ਕੁਝ ਮਾਰ ਬੈਠਾ ਹਾਂ, ਉਹ ਭੋਲ਼ੇਪਣ ਜਿਹਾ 'ਗੌਤਮ'
ਕਰੇ ਬੇਚੈਨ ਜੋ ਮੈਨੂੰ, ਮੇਰਾ ਲਾਲਚ ਨਹੀਂ ਮਰਦਾ

ਕਿਸੇ ਦੇ ਜਾਣ ਦਾ ਘਾਟਾ, ਨਹੀਂ ਪੈਂਦਾ ਗਰਾਂ ਵਿੱਚੋਂ
ਬੜਾ ਕੁਝ ਤੁਰ ਗਿਆਂ ਦੇ ਨਾਲ, ਤੁਰ ਜਾਂਦਾ ਘਰਾਂ ਵਿੱਚੋਂ

ਇਹ ਪੰਛੀ ਦੀ ਸਿਆਣਪ ਹੈ, ਕਿ ਤੋਲਣ ਸਾਰ ਉਹ ਸੋਚੇ
ਉਡਾਰੀ ਭਰ ਨਹੀਂ ਹੋਣੀ, ਛਣੀ ਜੇ 'ਵਾ ਪਰਾਂ ਵਿੱਚੋਂ

ਬਣੇ ਬਘਿਆੜ ਉਹ ਕੁੱਤੇ, ਜੋ ਜੰਗਲ ਛੱਡ ਕੇ ਆਏ
ਵਫ਼ਾਦਾਰੀ ਵਿਖਾ ਕੇ ਹੀ, ਮਿਲੇ ਬੁਰਕੀ ਦਰਾਂ ਵਿੱਚੋਂ

ਉਹ ਕਿੱਥੇ ਤੁਰ ਗਏ ਲੋਕੀ, ਜੋ ਲਗਦੇ ਸੀ ਖ਼ੁਦਾ ਵਰਗੇ,
ਨਰਾਇਣ ਹੁਣ ਨਹੀਂ ਦਿਸਦਾ, ਕਿਸੇ ਨੂੰ ਵੀ ਨਰਾਂ ਵਿੱਚੋਂ

ਘੜੇ ਮੂਰਤ, ਕਲਮ ਚੁੱਕੇ, ਫੜੇ ਤਲਵਾਰ ਜਾਂ ਤਸਬੀ
ਚੜ੍ਹੇ ਪਹਿਚਾਣ ਦਾ ਸੂਰਜ, ਸਦਾ ਆਪਣੇ ਕਰਾਂ ਵਿੱਚੋਂ

ਕੁਝ ਰਹਿਣਾ ਤੇਰੇ ਬਾਅਦ ਨਹੀਂ
ਜੇ ਤੇਰਾ ਵਾਦ-ਵਿਵਾਦ ਨਹੀਂ

ਕੁਝ ਉਪਜ ਰਿਹਾ ਨਾ ਬਿਨਸ ਰਿਹਾ
ਕੋਈ ਅੰਤ ਨਹੀਂ ਕੋਈ ਆਦ ਨਹੀਂ

ਸੁਣ ਕੇ ਵਿਸਮਾਦ ਜੇ ਨਾ ਉਪਜੇ
ਉਹ ਸ਼ੋਰ ਹੈ ਉਸ ਵਿਚ ਨਾਦ ਨਹੀਂ

ਹਰ ਗੱਲ ’ਤੇ ਵਾਹ-ਵਾਹ ਕਹਿੰਦੇ ਹੋ
ਹੈ ਰਸਮ ਜਿਹੀ, ਇਹ ਦਾਦ ਨਹੀਂ

ਜਿਸ ਕਾਰਨ ਉਮਰ ਗੁਆਈ ਹੈ
ਉਹ ਵਾਅਦਾ ‘ਗੌਤਮ’ ਯਾਦ ਨਹੀਂ

ਚਿਹਰੇ 'ਤੇ ਚਿੰਤਾ ਦਾ ਸਾਗਰ, ਪਰ ਅੰਦਰ ਅੱਗ ਬਲ਼ਦੀ ਹੈ
ਗ਼ੁਰਬਤ ਦੇ ਵਿਚ ਇੰਝ ਹੀ ਅਕਸਰ, ਸ਼ਾਮ ਸੁਹਾਣੀ ਢਲ਼ਦੀ ਹੈ

ਜਾਲ਼ ਵਿਛਾ ਕੇ ਇਹ ਫਾਹ ਲੈਂਦੀ, ਗੀਝਾਂ ਸਿਖਰੋਂ ਲਾਹ ਲੈਂਦੀ
ਆਪਣੀ ਆਈ 'ਤੇ ਜਦ ਆਵੇ, ਕੁਦਰਤ ਕਦ ਫਿਰ ਟਲ਼ਦੀ ਹੈ

ਸੁਪਨੇ ਵਿਚ ਵੀ ਸੌਂਦੀ ਜਾਵੇ, ਐਸਾ ਚੈਨ ਮਿਲੇ ਉਸ ਨੂੰ
ਘਰ ਤੋਂ ਵਿੱਛੜੀ ਰੂਹ ਜਦ ਆ ਕੇ, ਰੂਹਾਂ ਦੇ ਵਿਚ ਰਲ਼ਦੀ ਹੈ

ਸਮਝ ਲਵੋ ਦਿਨ ਆਏ ਮਾੜੇ, ਅੰਤ ਵੀ ਉਸਦਾ ਨੇੜੇ ਹੈ
ਚੋਰੀ, ਧੋਖਾ ਤੇ ਬਦਕਾਰੀ, ਜਦ ਵੀ ਕਿਸੇ ਦੀ ਫਲ਼ਦੀ ਹੈ

'ਗੌਤਮ' ਬੀਤੇ ਉਹ ਵੇਲੇ, ਜਦ ਸੁਣਨੇ ਵਾਲੇ ਆਉਂਦੇ ਸੀ
ਹੁਣ ਤਾਂ ਸਾਰੇ ਬੋਲਣ ਵਾਲੇ, ਸਭ ਨੂੰ ਏਥੇ ਜਲਦੀ ਹੈ

ਜਦੋਂ ਉਤਰੀ ਪਹਾੜੋਂ ਤੇਜ਼ ਤੇ ਚੰਚਲ ਸੁਭਾਅ ਵਰਗੀ
ਥਲਾਂ ਵਿਚ ਹੋ ਗਈ ਆ ਕੇ ਨਦੀ ਲੰਬੀ ਸਜ਼ਾ ਵਰਗੀ

ਉਹ ਪਹੁੰਚੀ ਜਦ ਸੁਮੰਦਰ ਕੋਲ ਸਹਿਮੀ ਤੇ ਡਰੀ ਹੋਈ
ਗੁਆ ਕੇ ਹੋਂਦ ਬੈਠੀ ਹੈ ਨਦੀ ਝੂਠੇ ਗਵਾਹ ਵਰਗੀ

ਬਿਖ਼ਰ ਜਾਂਦੇ ਬੜੇ ਰਿਸ਼ਤੇ ਜ਼ਰਾ ਬਸ ਗ਼ਲਤ ਫ਼ਹਿਮੀ ’ਤੇ
ਰਹੇ ਇਤਫ਼ਾਕ ਤਾਂ ਫਿਰ ਬਾਂਹ ਨਹੀਂ ਕੋਈ ਭਰਾ ਵਰਗੀ

ਨਾ ਭਾਂਡਾ ਦੇਖ ਕੇ ਬਦਲੀਂ ਕਦੇ ਆਕਾਰ ਤੂੰ ਅਪਣਾ
ਦਿਲਾ ਪਾਵੀਂ ਨਾ ਆਦਤ ਤੂੰ ਇਹ ਪਾਣੀ ਦੇ ਸੁਭਾਅ ਵਰਗੀ

ਕਿਸੇ ਨੂੰ ਰੋਂਦਿਆਂ ਦੇਖਾਂ ਤਾਂ ਅਕਸਰ ਡੋਲ ਜਾਂਦਾ ਹਾਂ
ਮੇਰੀ ਸੰਵੇਦਨਾ ਹੋਈ ਨਾ ਪੱਥਰ ਦੇ ਖ਼ੁਦਾ ਵਰਗੀ

ਬਚੀਂ ਬਦਸੀਸ ਤੋਂ ‘ਗੌਤਮ’ ਅਸੀਸਾਂ ਦਾ ਫੜੀਂ ਦਾਮਨ
ਮਿਟਾਵੇ ਰੋਗ ਰੂਹ ਤੀਕਰ ਦਵਾ ਕਿੱਥੇ ਦੁਆ ਵਰਗੀ

ਜੇ ਮੁੱਕੇ ਬਾਤ ਤਰਕਾਂ ਦੀ, ਮੁਹੱਬਤ ਫਿਰ ਸ਼ੁਰੂ ਹੁੰਦੀ
ਮੁਹੱਬਤ ਜਦ ਵਸੇ ਹੱਡੀਂ ਇਬਾਦਤ ਫਿਰ ਸ਼ੁਰੂ ਹੁੰਦੀ

ਖ਼ੁਦਾ ਮਿਲਦਾ, ਨਹੀਂ ਮਿਲਦਾ ਪਰੇ ਦੀ ਗੱਲ ਹੈ ਇਹ ਤਾਂ
ਮਿਟੇ ਹਉਮੈ, ਜਦੋਂ ਅੰਦਰੋਂ ਅਕੀਦਤ ਫਿਰ ਸ਼ੁਰੂ ਹੁੰਦੀ

ਮੁਹੱਬਤ ਦੀ ਕਲੀ ਖਿੜਦੀ ਸਦਾ ਕੋਮਲ ਅਦਾਵਾਂ 'ਚੋਂ
ਜਦੋਂ ਸੰਵੇਦਨਾ ਜਾਗੇ ਨਜ਼ਾਕਤ ਫਿਰ ਸ਼ੁਰੂ ਹੁੰਦੀ

ਨਜ਼ਾਕਤ ਦਰਦ 'ਚੋਂ ਉਪਜੇ ਜੋ ਲੱਭੇ ਪਿਆਰ ਦਿਲਬਰ ਦਾ
ਅਧੂਰਾਪਨ ਜਦੋਂ ਡੱਸੇ ਜ਼ਰੂਰਤ ਫਿਰ ਸ਼ੁਰੂ ਹੁੰਦੀ

ਅਧੂਰੇ ਸਾਂ, ਅਧੂਰੇ ਹਾਂ, ਉਹ ਪਹਿਲੀ ਚੀਕ ਦੱਸਦੀ ਏ
ਕਿ ਵਿੱਛੜੇ ਰੂਹ ਜਦੋਂ 'ਗੌਤਮ' ਇਬਾਰਤ ਫਿਰ ਸ਼ੁਰੂ ਹੁੰਦੀ

ਖ਼ੁਦੀ ਵਿਚ ਹੀ, ਖ਼ੁਦਾ ਵਰਗੈਂ, ਤੂੰ ਕਾਫ਼ਰ ਹੋ ਨਹੀਂ ਸਕਦਾ
ਕਿ ਆਸ਼ਕ ਇਸ਼ਕ ਤੋਂ ਚਾਹ ਕੇ ਵੀ ਨਾਬਰ ਹੋ ਨਹੀਂ ਸਕਦਾ

ਜ਼ਬਾਨੋਂ ਕੁਫ਼ਰ ਜੋ ਤੋਲੇ ਤੇ ਮੰਦੇ ਬੋਲ ਜੋ ਬੋਲੇ
ਕਰੇ ਭਾਵੇਂ ਭਲਾਈ ਲੱਖ, ਆਦਰ ਹੋ ਨਹੀਂ ਸਕਦਾ

ਬੜਾ ਵੱਡਾ ਤੇਰਾ ਰੁਤਬਾ, ਬੁਝੀ ਪਰ ਪਿਆਸ ਨਾ ਸਾਡੀ
ਨਦੀ ਵਰਗਾ ਕਦੇ ਮਿੱਠਾ, ਇਹ ਸਾਗਰ ਹੋ ਨਹੀਂ ਸਕਦਾ

ਕਦੇ ਆਵੇ ਕਦੇ ਜਾਵੇ, ਬੜਾ ਬੇਚੈਨ ਫਿਰਦਾ ਹੈ
ਕੋਈ ਆਸ਼ਕ ਹੀ ਲਗਦਾ ਹੈ, ਮੁਸਾਫ਼ਰ ਹੋ ਨਹੀਂ ਸਕਦਾ

ਕਿਤੇ ਭਗਵਾਂ ਕਿਤੇ ਨੀਲਾ, ਹਰਾ ਤੇ ਲਾਲ ਜਾਂ ਚਿੱਟਾ
ਇਨ੍ਹਾਂ ਰੰਗਾਂ 'ਚੋਂ ਕੋਈ ਸਖਸ਼, ਬਾਹਰ ਹੋ ਨਹੀਂ ਸਕਦਾ

ਪੜ੍ਹਾਵੇ ਪਾਠ ਨਫ਼ਰਤ ਦਾ, ਤੇ ਦਹਿਸ਼ਤ ਦਿਲ 'ਚ ਪਾਵੇ ਜੋ
ਕੋਈ ਮੰਨੇ ਕੋਈ ਪੂਜੇ, ਉਹ ਕਾਦਰ ਹੋ ਨਹੀਂ ਸਕਦਾ

ਗੁਰੂ ਕਿਰਪਾ ਕਰੇ, ਹੋਵੇ ਇਹ ਭਟਕਣ ਦੂਰ ਹੁਣ 'ਗੌਤਮ'
ਤਰਾਸ਼ੇ ਬਿਨ ਕਦੇ ਹੀਰਾ, ਉਜਾਗਰ ਹੋ ਨਹੀਂ ਸਕਦਾ

ਜੇ ਸਾਬਤ ਹੈ ਤਾਂ ਦਰਪਣ ਹੈ ਜੇ ਟੁੱਟੇ ਚੂਰ ਹੁੰਦਾ ਹੈ
ਮੁਹੱਬਤ ਦਾ ਸ਼ਰਾਫ਼ਤ ਦਾ ਇਹੋ ਦਸਤੂਰ ਹੁੰਦਾ ਹੈ

ਉਹਦੀ ਖ਼ੁਸ਼ਬੂ, ਉਹਦਾ ਸ਼ਿੰਗਾਰ ਆਪੇ ਦੱਸ ਦਿੰਦੇ ਨੇ
ਕਲੀ ਨੂੰ ਭੌਰ ਦਾ ਆਉਣਾ, ਜਦੋਂ ਮਨਜ਼ੂਰ ਹੁੰਦਾ ਹੈ

ਸ਼ਨਾਖ਼ਤ ਕਰ ਰਹੀ ਹੈ ਜ਼ਿੰਦਗੀ, ਉਸ ਦੀ ਜਗ੍ਹਾ ਬਾਰੇ
ਕਦੇ ਉਹ ਕੋਲ ਦਿਸਦਾ ਹੈ, ਕਦੇ ਉਹ ਦੂਰ ਹੁੰਦਾ ਹੈ

ਬੜਾ ਕੁਝ ਦੱਸ ਦਿੰਦੀ ਹੈ, ਇਹ ਜੋ ਰੰਗਤ ਹੈ ਚਿਹਰੇ ਦੀ
ਕਿ ਹੁੰਦਾ ਸਾਫ਼ ਦਿਲ ਜਿੰਨਾ ਕੁ, ਓਨਾ ਨੂਰ ਹੁੰਦਾ ਹੈ

ਕਿਸੇ ਰਿਸ਼ਤੇ ਕਿਸੇ ਸੁਖ ਦਾ, ਕੋਈ ਮਤਲਬ ਨਹੀਂ ਰਹਿੰਦਾ
ਸਵਿੱਤਰੀ ਨਾਰ ਦਾ ਮੈਲ਼ਾ ਜਦੋਂ ਸੰਧੂਰ ਹੁੰਦਾ ਹੈ

ਭਲਾ ਬੰਦਾ ਉਹੀ ਜਿਸ ਦਾ ਅਜੇ ਤਕ ਦਾਅ ਨਹੀਂ ਲੱਗਾ
ਜੋ ਆਵੇ ਹੱਥ ਨਾ, ਖੱਟਾ ਉਹੀ ਅੰਗੂਰ ਹੁੰਦਾ ਹੈ

ਬੜੀ ਹੀ ਸਾਫ਼ਗੋਈ ਨਾਲ ਸੂਲੀ ਚਾੜ੍ਹ ਦਿੰਦੇ ਹਾਂ
ਜਦੋਂ ਪੈਦਾ ਕਦੇ ਮਨ ਵਿਚ ਕੋਈ ਮਨਸੂਰ ਹੁੰਦਾ ਹੈ

ਕਰੇ ਅਨੁਵਾਦ ਸੁਖ ਦਾ ਵੀ ਜੇ ਕੋਈ ਹੰਝੂਆਂ ਰਾਹੀਂ
ਕਲੇਜੇ ਸਹਿਕਦਾ ਉਸ ਦੇ ਕੋਈ ਨਾਸੂਰ ਹੁੰਦਾ ਹੈ

ਤੂੰ ਕੀ ਜਾਣੇ ਹੈ ਕੀ ਗੁਜ਼ਰੀ, ਉਨ੍ਹਾਂ ਬੇਦਰਦ ਰਾਤਾਂ ਨੂੰ
ਜਦੋਂ ਬਰਸਾਤ ਵਰ੍ਹਦੀ ਹੈ, ਕਦੇ ਵੀ ਸਰਦ ਰਾਤਾਂ ਨੂੰ

ਉਹ ਤਾਂ ਹੈ ਵੇਸਵਾ, ਪਰਦਾ ਭਲਾ ਕਿਸ ਤੋਂ ਦਿਨੇ ਕਰਦੀ
ਦਿਸਣ ਇੱਕੋ ਜਿਹੇ ਉਸ ਨੂੰ, ਇਹ ਸਾਰੇ ਮਰਦ ਰਾਤਾਂ ਨੂੰ

ਦਿਲਾ ਤੂੰ ਹੋਸ਼ ਕਰ, ਸੁਣ ਕੇ ਕਿਤੇ ਫਿਰ ਸ਼ੋਰ ਨਾ ਪਾਵੀਂ
ਕੋਈ ਅਪਣਾ ਹੀ ਹੁੰਦਾ ਜੋ ਫਰੋਲੇ ਦਰਦ ਰਾਤਾਂ ਨੂੰ

ਉਹ ਸਾਜ਼ਿਸ਼ ਰਚ ਰਿਹਾ ਜਾਂ ਪੈ ਗਈ ਫਿਰ ਭੀੜ ਕੁਨਬੇ 'ਤੇ
ਨਾ ਐਵੇਂ ਹੱਥ ਵਿਚ ਆਉਂਦੀ, ਕਿਸੇ ਦੇ ਫ਼ਰਦ ਰਾਤਾਂ ਨੂੰ

ਨਾ ਗੁੰਮ ਜਾਵੀਂ ਕਿਤੇ ਧੀਏ, ਹਨੇਰਾ ਹੋਣ ਵਾਲਾ ਹੈ
ਕਿ ਫਿਰਦੇ ਹਰ ਗਲੀ ਦਾਨਵ, ਉਡਾਉਂਦੇ ਗ਼ਰਦ ਰਾਤਾਂ ਨੂੰ

ਦਿਨੇ ਮਸਰੂਫ਼ ਰਹਿੰਦੇ ਨੇ, ਸਭੇ ਕੰਮਾਂ ਦੇ ਵਿਚ 'ਗੌਤਮ'
ਤੇ ਫਿਰ ਬੋਤਲ 'ਚ ਖਿੜ ਜਾਂਦੇ ਇਹ ਚਿਹਰੇ ਜ਼ਰਦ, ਰਾਤਾਂ ਨੂੰ

ਦਰਦ ਤੇਰੇ ਜਾਣ ਦਾ, ਇਸ ਦਿਲ ਨੂੰ ਤੜਫਾਵੇ ਕਿ ਨਾ
ਯਾਦ ਤਾਂ ਬਸ ਯਾਦ ਹੈ, ਫਿਰ ਕੀ ਪਤਾ ਆਵੇ ਕਿ ਨਾ

ਉਂਝ ਕੋਸ਼ਿਸ਼ ਤਾਂ ਕਰਾਂਗਾ, ਮੁੜਨ ਦੀ ਪਰ ਫੇਰ ਵੀ
ਕੀ ਭਰੋਸਾ ਵਕਤ ਦਾ, ਉਹ ਖ਼ੈਰ ਇਹ ਪਾਵੇ ਕਿ ਨਾ

ਅਲਵਿਦਾ ਕਿੱਦਾਂ ਕਹਾਂ, ਮੈਂ ਜ਼ਿੰਦਗੀ ਦੇ ਸਾਥ ਨੂੰ
ਮੌਤ ਦਾ ਵੀ ਕੀ ਭਰੋਸਾ, ਸਾਥ ਲੈ ਜਾਵੇ ਕਿ ਨਾ

ਆਖ਼ਰੀ ਅਲਫਾਜ਼ ਨੇ, ਹੁਣ ਗੁਣਗੁਣਾ ਹੀ ਲੈਣ ਦੇ
ਗੀਤ ਮੇਰਾ ਕੀ ਪਤਾ, ਮੁੜ ਕੇ ਕੋਈ ਗਾਵੇ ਕਿ ਨਾ

ਬਹਿ ਗਿਆ 'ਗੌਤਮ' ਵੀ ਅਪਣੀ ਹੋਂਦ ਧਰ ਕੇ ਹੱਥ 'ਤੇ
ਰੂਹ ਦਾ ਐਪਰ ਕੀ ਪਤਾ ਹੁਣ ਚੋਗ ਇਹ ਖਾਵੇ ਕਿ ਨਾ

ਦਿਲਾਂ ਵਿਚ ਭਰ ਗਈ ਨਫ਼ਰਤ, ਉਹ ਸੁੱਚਾ ਪਿਆਰ ਹੈ ਕਿੱਥੇ
ਜੋ ਕਰਦੇ ਸੀ ਅਸੀਂ ਅਕਸਰ, ਭਲਾ ਇਤਬਾਰ ਹੈ ਕਿੱਥੇ

ਕਰਾਰਾਂ ਤੋਂ ਖੁੜੇ ਹਾਂ ਪਰ, ਅਜੇ ਅਹਿਸਾਸ ਨਾ ਹੋਇਆ
ਅਜੇ ਵੀ ਨਾ ਤੁਰੇ ਲੱਭਣ, ਉਹ ਰੁੱਸਿਆ ਯਾਰ ਹੈ ਕਿੱਥੇ

ਨਸ਼ੇ ਵੇਚੋ, ਭਰੋ ਨਫ਼ਰਤ, ਲੜਾਓ ਤੇ ਕਰੋ ਮਨ ਦੀ
ਜੋ ਰੱਖੇ ਪੱਤ ਲੋਕਾਂ ਦੀ, ਚੁਣੀ ਸਰਕਾਰ ਹੈ ਕਿੱਥੇ

ਉਧੇੜੀ ਕੰਧ ਖ਼ਾਬਾਂ ਦੀ, ਜੋ ਮੈਥੋਂ ਚੋਰੀਓਂ ਉਸਨੇ
ਕਰੋ ਜਾ ਕੇ ਪਤਾ ਰੀਝੋ, ਬਣੀ ਦੀਵਾਰ ਹੈ ਕਿੱਥੇ

ਮਿਲੇ ਰੁਤਬੇ, ਮਿਲੀ ਦੌਲਤ, ਬੜਾ ਕੁਝ ਪਾ ਲਿਆ ਲੇਕਿਨ
ਉਹ ਜਿਸ ਨੂੰ ਭਾਲਦਾ ਸੀ ਦਿਲ, ਸੁਖੀ ਸੰਸਾਰ ਹੈ ਕਿੱਥੇ

ਉਸੇ ਦੇ ਨਾਮ 'ਤੇ ਲੁੱਟਣ, ਬਿਠਾਏ ਜੋ ਕਰਿੰਦੇ ਨੇ
ਜੋ ਮਾਲਕ ਸਭ ਦੁਕਾਨਾਂ ਦਾ, ਮੇਰਾ ਕਰਤਾਰ ਹੈ ਕਿੱਥੇ

ਬਚਾਵੋ ਆਪ ਹੀ ਕਲੀਆਂ, ਇਹ ਮੌਸਮ ਹੋ ਗਿਆ ਹਵਸੀ
ਗੁਆਚੀ ਆਬਰੂ ਪੁੱਛੇ ਕਿ ਪਹਿਰੇਦਾਰ ਹੈ ਕਿੱਥੇ

ਉਨ੍ਹਾਂ ਦੀ ਜੀ-ਹਜ਼ੂਰੀ 'ਤੇ, ਹੀ ਐਵੇਂ ਰੀਝ ਨਾ 'ਗੌਤਮ'
ਜ਼ਰਾ ਤੂੰ ਦੇਖ ਨੈਣਾਂ ਵਿਚ, ਤੇਰਾ ਸਤਿਕਾਰ ਹੈ ਕਿੱਥੇ

ਨਹੀਂ ਫ਼ੁਰਸਤ ਕਿ ਹੁਣ ਸੋਚਾਂ, ਮੈਂ ਤੇਰੇ ਹੁਸਨ ਦੇ ਬਾਰੇ
ਅਜੇ ਰੁਜ਼ਗਾਰ ਦੀ ਚਿੰਤਾ ਤੇ ਪੈਰਾਂ ਹੇਠ ਅੰਗਾਰੇ

ਕਰੀਂ ਤੂੰ ਮਾਫ਼, ਹਾਲੇ ਤੀਕ ਮੈਂ ਕਾਬਲ ਨਹੀਂ ਹੋਇਆ
ਨਾ ਮੈਥੋਂ ਦਿਲ ਤੇਰਾ ਟੁੱਟਣਾ, ਨਾ ਟੁੱਟਣੇ ਅੰਬਰੋਂ ਤਾਰੇ

ਮੈਂ ਸਭ ਕੁਝ ਜਾਣਦਾ ਹੋਇਆ ਵੀ ਖ਼ੁਸ਼ ਹੁੰਦਾ ਹਾਂ ਇਹ ਸੁਣ ਕੇ
ਮੇਰੇ ਦਿਲ ਦਾ ਸਹਾਰਾ ਨੇ, ਤੇਰੇ ਝੂਠੇ ਜਿਹੇ ਲਾਰੇ

ਸਿਆਸਤ ਹੀ ਸਿਆਸਤ ਹੈ, ਇਹ ਦੁਨੀਆ ਦੇਸ ਤੇ ਮਹਿਫ਼ਲ
ਹਕੂਮਤ ਕੀ ਤੇ ਸ਼ਾਇਰ ਕੀ, ਜੁਗਾੜੀ ਹੋ ਗਏ ਸਾਰੇ

ਹਜ਼ਾਰਾਂ ਰਾਹ ਨੇ ਤੇ ਫਿਰ ਵੀ, ਕੋਈ ਮੰਜ਼ਿਲ ਨਹੀਂ ਦਿਸਦੀ
ਕਿ ਧਰਮਾਂ ਦੇ ਤੇ ਕਰਮਾਂ ਦੇ, ਇਹ ਸਾਰੇ ਫ਼ਲਸਫ਼ੇ ਹਾਰੇ

ਜਦੋਂ ਹੰਕਾਰ ਘੁਲ਼ ਜਾਵੇ, ਅਦੀਬਾਂ ਦੇ ਸੁਭਾਅ ਅੰਦਰ
ਸਮੁੰਦਰ ਵਾਂਗ ਹੋ ਜਾਂਦੇ, ਇਹ ਨਿਰਮਲ ਨੀਰ ਫਿਰ ਖਾਰੇ

ਕਰੇਂ ਮੰਜ਼ਲ ਦੀ ਕਿਉਂ ਚਿੰਤਾ, ਤੂੰ ਰਾਹ 'ਤੇ ਰੱਖ ਨਿਗਾਹ 'ਗੌਤਮ'
ਤੇਰਾ ਅੰਜਾਮ ਉਕਰਨਗੇ, ਤੇਰੇ ਇਹ ਆਪਣੇ ਕਾਰੇ

ਦਰਦ ਮੇਰੇ ਨੂੰ ਟੇਕ ਕੇ ਮੱਥਾ, ਫਿਰ ਵਾਪਸ ਮੁੜ ਆਈ ਹੈ
ਭਾਵੇਂ ਮੇਰੇ ਅੰਦਰੋਂ ਨਿੱਕਲੀ, ਪਰ ਇਹ ਚੀਕ ਪਰਾਈ ਹੈ

ਜਿੰਨੇ ਫੁੱਲ ਟੁੱਟੇ ਨੇ ਮੇਰੇ, ਮਨ ਦੇ ਏਸ ਬਗ਼ੀਚੇ ’ਚੋਂ
ਹਰ ਇਕ ਫੁੱਲ ਦੀ ਪੀੜ ਹੀ ਬਣ ਕੇ, ਗ਼ਜ਼ਲ ਮੇਰੇ ਘਰ ਆਈ ਹੈ

ਨਾਮ ਨਾ ਕੋਈ, ਜਾਤ ਨਾ ਕੋਈ, ਨਾ ਹੀ ਇਸ ਦਾ ਧਰਮ ਕੋਈ
ਦਿਲ ’ਚੋਂ ਉੱਠੇ ਦਿਲ ਤੱਕ ਜਾਵੇ, ਪੀੜ ਹੀ ਅਸਲ ਖ਼ੁਦਾਈ ਹੈ

ਸੁੱਖ, ਸੁੱਖਾਂ ਦੀ ਮੰਗਣ ਜਾ ਕੇ ਲੋਕੀਂ ਸਭ ਦਰਗਾਹਾਂ ਤੋਂ
ਪੀੜ ਪਰਾਈ ਲੈ ਕੇ ਜੀਣਾ, ਏਹੋ ਧਰਮ ਕਮਾਈ ਹੈ

ਘਰ ਛੱਡਿਆਂ ਵੀ ਮਿਲਣੀ ਨਾਹੀਂ, ਜੋ ਲੱਭੇ ਤੂੰ ਜੰਗਲ ’ਚੋਂ
ਮਨ ਹੀ ਰੌਲਾ ਮਨ ਹੀ ਭਟਕਣ, ਮਨ ਵਿਚ ਹੀ ਤਨਹਾਈ ਹੈ

ਦਰ-ਦਰ ਉੱਤੇ ਭਟਕ ਰਿਹਾ ਏਂ, ਕਿਉਂ ਤੂੰ ਹੋਸ਼ ਗੁਆ ਬੈਠਾ
ਉਸ ਦੁਨੀਆ ’ਚੋਂ ਤੂੰ ਸੁਖ ਲਭਦੈਂ, ਜੋ ਪੀੜਾ ਦੀ ਜਾਈ ਹੈ

‘ਗੌਤਮ’ ਏਹੋ ਸਾਰ ਮੈਂ ਲੱਭਾ, ਇਸ ਜੱਗ ਤੋਂ ਛੁਟਕਾਰੇ ਦਾ
ਪੀੜਾ ਨੂੰ ਜਿਸ ਪੀੜ ਕੇ ਪੀਤਾ, ਉਸ ਨੇ ਮੁਕਤੀ ਪਾਈ ਹੈ

ਨਫ਼ਰਤ ਮੇਰੇ ਚਾਰੇ ਪਾਸੇ ਕਿੰਝ ਨਾ ਮੈਂ ਕੁਮਲ਼ਾਵਾਂ
ਪਿਆਰ ਦੀ ਮੈਨੂੰ ਦੇ ਜਾ ਧੂਣੀ ਮੈਂ ਫਿਰ ਤੋਂ ਖਿੜ ਜਾਵਾਂ

ਦੁਨੀਆ ਢੂੰਡੇ ਔਗੁਣ ਮੇਰੇ, ਮੈਂ ਲੱਭਾਂ ਖੁਸ਼ਬੋਈ
ਉਹ ਖ਼ਾਰਾਂ 'ਤੇ ਅੜ ਬੈਠੀ, ਮੈਂ ਗੁਣ ਫੁੱਲਾਂ ਦੇ ਗਾਵਾਂ

ਤਨ ਤੋਂ ਅੱਗੇ ਮਨ ਦੀ ਦੁਨੀਆ, ਅੱਗੇ ਨੂਰ ਰੂਹਾਨੀ
ਉਸ ਤੋਂ ਅੱਗੇ ਇਸ਼ਕ ਹਕੀਕੀ, ਅੱਗੇ ਇਕ ਪਰਛਾਵਾਂ

ਕਾਮ ਤੋਂ ਅੱਗੇ ਕਾਲਖ਼ ਹੈ ਜੋ ਤਨ ਮਨ 'ਤੇ ਛਾ ਜਾਵੇ
ਇਸ ਤੋਂ ਅੱਗੇ ਗੁੰਮ ਹੋ ਜਾਵਣ ਜਿਊਣ ਦੀਆਂ ਸਭ ਰਾਹਵਾਂ

ਮੌਜਾਂ ਦੀ ਇਸ ਬਸਤੀ ਵਿਚ ਜਦ ਰੂਹ ਆਈ ਦੁਖਿਆਰੀ
ਦੇਖ ਕੇ ਫੱਬਤ ਗਲ਼ੀਆਂ ਦੀ ਉਹ ਭੁੱਲ ਬੈਠੀ ਸਿਰਨਾਵਾਂ

ਦਰਦੋਂ ਸੱਖਣੇ ਸ਼ਬਦ ਮੈਂ ਚਿਤਰਾਂ, ਉਲਝੀ ਹੋਈ ਲੀਕ ਜਿਹੇ
ਕਾਸ਼ ਕਿ ਦਿਲ 'ਚੋਂ ਉੱਠਣ ਵਰੋਲੇ, ਬਿਰਹਾ ਭਿੱਜੀ ਚੀਕ ਜਿਹੇ

ਸ਼ੁਹਰਤ ਦੀ ਚੋਟੀ 'ਤੇ ਬਹਿ ਕੇ, ਲੜ ਨਾ ਛੱਡੀਂ ਰਹਿਬਰ ਦਾ
ਅਰਸ਼ਾਂ ਤੇ ਫ਼ਰਸ਼ਾਂ ਵਿਚ ਹੁੰਦੇ, ਅਕਸਰ ਤੰਦ ਬਰੀਕ ਜਿਹੇ

ਅੰਮਾ ਜਾਏ ਜਾਨੋਂ ਪਿਆਰੇ, ਕੌਣ ਭੁਲਾਉਣਾ ਚਾਹੁੰਦਾ ਹੈ
ਫ਼ਰਕ ਭਰਾਵਾਂ ਵਿਚ ਪਵੇ ਜੇ, ਮਾਪੇ ਹੋਣ ਸ਼ਰੀਕ ਜਿਹੇ

ਜੋ ਕਰਨਾ ਹੈ ਉਹ ਕਰ ਦਿੰਦੀ, ਆਖ਼ਰ ਹੈ ਬਲਵਾਨ ਬੜੀ
ਸ਼ਬਦ ਨਾ ਹੁੰਦੇ ਕੁਦਰਤ ਕੋਲ਼ੇ, ਰੁਤਬੇ, ਰਹਿਮ, ਉਡੀਕ ਜਿਹੇ

ਬਿਹਤਰ ਹੈ ਟੁੱਟ ਜਾਵਣ ਆਪੇ, ਬਦਨਾਮੀ ਤੋਂ ਪਹਿਲਾਂ ਹੀ
ਮੈਲ਼ੇ-ਮੈਲ਼ੇ ਜਾਪਣ ਜਦ ਵੀ, ਰਿਸ਼ਤੇ ਜੋ ਨਜ਼ਦੀਕ ਜਿਹੇ

ਸੋਚ ਸਮਝ ਕੇ ਵਰਤੀਂ 'ਗੌਤਮ', ਧਾਰ ਇਨ੍ਹਾਂ ਦੀ ਤਿੱਖੀ ਹੈ
ਕੁਦਰਤ ਨੇ ਜੋ ਹੁਨਰ ਨੇ ਦਿੱਤੇ, ਸ਼ਬਦਾਂ ਦੀ ਤੌਫ਼ੀਕ ਜਿਹੇ

ਪਵੇ ਜਦ ਛੇਕ ਫਿਰ ਹੀ ਬਾਂਸ ਤੋਂ ਉਹ ਸਾਜ਼ ਹੁੰਦਾ ਹੈ
ਕਿ ਧੜਕਣ ਵਾਂਗ ਹੀ ਸੁਰ ਦਾ ਦਿਲੋਂ ਆਗਾਜ਼ ਹੁੰਦਾ ਹੈ

ਹਵਾ ਤੇ ਬੰਸਰੀ ਮਿਲ ਕੇ ਕਦੇ ਸੰਗੀਤ ਨਾ ਬਣਦੇ
ਲਬਾਂ ਤੇ ਪੋਟਿਆਂ ਕੋਲ਼ੇ ਹੀ ਇਹਦਾ ਰਾਜ਼ ਹੁੰਦਾ ਹੈ

ਬੜੇ ਦੁਖ ਝੇਲਦੀ ਆਖ਼ਰ ਕਲੀ ਪੈ ਗਰਭ ਦੀ ਜੂਨੇ
ਜਦੋਂ ਖਿੜਦੀ ਉਦੋਂ ਜਾ ਕੇ ਫ਼ਿਜ਼ਾ ਨੂੰ ਨਾਜ਼ ਹੁੰਦਾ ਹੈ

ਸਮੇਂ ਦੀ ਮਾਰ ਤੋਂ ਡਰ ਕੇ ਬਣੇ ਸਾਧੂ ਤਿਆਗੀ ਜੋ
ਉਨ੍ਹਾਂ ਦੀ ਸੋਚ ਵਿਚ ਲੁਕਿਆ ਸ਼ਿਕਾਰੀ ਬਾਜ਼ ਹੁੰਦਾ ਹੈ

ਕਦੇ ਫ਼ੁਰਸਤ ਦੇ ਵਿਚ ਸੋਚੀਂ ਗੁਨਾਹਾਂ ਦੀ ਸਜ਼ਾ ਬਾਰੇ
ਉਦੋਂ ਸਭ ਠੀਕ ਲਗਦਾ ਹੈ ਜਦੋਂ ਸਿਰ ਤਾਜ ਹੁੰਦਾ ਹੈ

ਉਹੀ ਗੱਲਾਂ ਉਹੀ ਬਹਿਰਾਂ ਉਹੀ ਸ਼ਬਦਾਂ ਦਾ ਸਰਮਾਇਆ
ਕਿ ਸ਼ਾਇਰ ਕੋਲ ਤਾਂ ਬਸ ਆਪਣਾ ਅੰਦਾਜ਼ ਹੁੰਦਾ ਹੈ

ਉਨ੍ਹਾਂ ਦਾ ਜਦ ਨਹੀਂ ਸਰਦਾ ਉਹ ਮੱਥਾ ਟੇਕ ਆਉਂਦੇ ਨੇ
ਕੋਈ ਗ਼ਰਜ਼ਾਂ ਬਿਨਾਂ 'ਗੌਤਮ' ਕਦੋਂ ਮੁਹਤਾਜ ਹੁੰਦਾ ਹੈ

ਘਟਾ, ਪਰਬਤ, ਨਦੀ, ਸਾਗਰ ਉਹ ਏਸੇ ਰਾਹ ਗਈ ਮੁੜ ਕੇ
ਤੁਰੀ ਸੀ ਜਿਸ ਜਗ੍ਹਾ ਤੋਂ ਬੂੰਦ, ਵਾਪਸ ਆ ਗਈ ਮੁੜ ਕੇ

ਇਹ ਭੌਰਾਂ ਨੂੰ ਛਲਾਵਾ ਸੀ, ਕਲੀ ਦਾ ਮਹਿਕਣਾ ਖਿੜ ਕੇ
ਜਦੋਂ ਫਲ ਪੈ ਗਿਆ ਅੰਦਰ, ਉਦਾਸੀ ਛਾ ਗਈ ਮੁੜ ਕੇ

ਖਿੜੀ ਸੀ ਰੀਝ ਦੀ ਮਾਰੀ, ਉਹ ਮਾਲੀ ਦੇ ਭਰੋਸੇ ’ਤੇ
ਦਿਸੀ ਨੈਣਾਂ ’ਚ ਸ਼ੈਤਾਨੀ, ਕਲੀ ਕੁਮਲਾ ਗਈ ਮੁੜ ਕੇ

ਭਲਾ ਕਰਦੀ ਕਿਸਾਨੀ ਦਾ, ਕਿਵੇਂ ਸਰਕਾਰ ਹੈ ਦੇਖੋ
ਉਹ ਦੇ ਕੇ ਕਰਜ਼ ਖੇਤਾਂ ਨੂੰ, ਘਰਾਂ ਨੂੰ ਖਾ ਗਈ ਮੁੜ ਕੇ

ਹਕੀਕਤ ਹੋਰ ਹੈ ਤੇਰੀ, ਤੇ ਰਿਸ਼ਤਾ ਹੋਰ ਹੈ ਤੇਰਾ
ਸਿਵੇ ਨੂੰ ਬਾਲ ਕੇ ਹੱਥੀਂ, ਹਯਾਤੀ ਆ ਗਈ ਮੁੜ ਕੇ

ਹੈ ਲਹਿਰਾਂ ਵਾਂਗ ਹੀ ਗੁੱਸਾ, ਜੇ ਮੁੜ ਜਾਵੇ ਕਿਨਾਰੇ ਤੋਂ
ਸੁਨਾਮੀ ਬਣ ਗਈ ਉਹ ਲਹਿਰ, ਜੋ ਫਿਰ ਨਾ ਗਈ ਮੁੜ ਕੇ

ਉਮੀਦਾਂ ਸਾਂਭ ਕੇ ਰੱਖੀਂ, ਤੇ ਥੋੜੇ ਚਾਅ ਕੁਆਰੇ ਵੀ
ਗੁਆਚੀ ਜ਼ਿੰਦਗੀ ‘ਗੌਤਮ’, ਕਦੇ ਜੇ ਆ ਗਈ ਮੁੜ ਕੇ

ਗਈ ਸੀ ਟੁੱਟ ਦੁਨੀਆ ਤੋਂ ਦੁਬਾਰਾ ਜੋੜ ਦਿੱਤੀ ਤੂੰ
ਪਿਲਾ ਕੇ ਜਾਮ ਉਲਫ਼ਤ ਦਾ, ਕਹਾਣੀ ਮੋੜ ਦਿੱਤੀ ਤੂੰ

ਸਦਾ ਮਹਿਕੀ ਹੈ ਤੇਰੇ ਵਾਸਤੇ, ਇਹ ਆਰਜ਼ੂ ਦਿਲ ਦੀ
ਹਨੇਰੀ ਬਣ ਕੇ ਆਇਆ ਤੇ, ਕਲੀ ਹੀ ਤੋੜ ਦਿੱਤੀ ਤੂੰ

ਮਿਲੇਂ ਤਾਂ ਵੀ ਨਹੀਂ ਟਿਕਦਾ, ਨਾ ਆਵੇਂ ਤਾਂ ਵੀ ਇਹ ਭਟਕੇ
ਸਦਾ ਬੇਚੈਨ ਰਹਿੰਦਾ ਦਿਲ, ਅਨੋਖੀ ਲੋੜ ਦਿੱਤੀ ਤੂੰ

ਬੜਾ ਕੁਝ ਰਹਿ ਗਿਆ ਦਿਲ ਵਿਚ, ਜੋ ਸਾਥੋਂ ਕਹਿ ਨਹੀਂ ਹੋਇਆ
ਤੇ ਉੱਤੋਂ ਚੁੱਪ ਰਹਿਣੇ ਦੀ, ਸਜ਼ਾ ਬੇਜੋੜ ਦਿੱਤੀ ਤੂੰ

ਹਮੇਸ਼ਾ ਪੇਟ ਹੀ ਭਰਿਆ, ਭਰੀ ਪਰ ਨਾ ਕਦੇ ਨੀਅਤ
ਕਦੇ ਪੂਰੀ ਨਾ ਹੋਈ ਜੋ, ਹੈ ਐਸੀ ਥੋੜ ਦਿੱਤੀ ਤੂੰ

ਬੜੀ ਕੋਸ਼ਿਸ਼ ਅਸਾਂ ਕੀਤੀ, ਕਿ ਉਸ ਦੇ ਨਾਲ ਹੀ ਤੁਰੀਏ
ਸਮਾਂ ਸਾਥੋਂ ਰਿਹਾ ਅੱਗੇ, ਇਹ ਕੈਸੀ ਹੋੜ ਦਿੱਤੀ ਤੂੰ

ਕਰੇ ਅਹਿਸਾਨ ਦਾ 'ਗੌਤਮ', ਤੂੰ ਮਿਹਣਾ ਮਾਰ ਹੀ ਦਿੱਤਾ
ਕਰੀ ਜਿੰਨੀ ਕੁ ਸੀ ਨੇਕੀ, ਪਲਾਂ ਵਿਚ ਰੋੜ੍ਹ ਦਿੱਤੀ ਤੂੰ

ਮੈਂ ਅਪਣੇ ਆਪ ਨੂੰ ਸੂਲੀ, 'ਤੇ ਆਪੇ ਟੰਗ ਆਇਆ ਹਾਂ
ਤੇਰੇ ਰੰਗਾਂ 'ਚ ਐ ਦੁਨੀਆ, ਮੈਂ ਖ਼ੁਦ ਨੂੰ ਰੰਗ ਆਇਆ ਹਾਂ

ਉਹ ਧਰਤੀ ਹੈ ਮੇਰੀ ਜੰਨਤ, ਵਸੇ ਜਿੱਥੇ ਕੋਈ ਅਪਣਾ
ਵਤਨ ਤੂੰ ਮਾਫ਼ ਕਰ ਦੇਵੀਂ, ਮੈਂ ਹੋ ਕੇ ਤੰਗ ਆਇਆ ਹਾਂ

ਨਫ਼ਾ ਜਿੱਥੇ, ਵਫ਼ਾ ਕਿੱਥੇ? ਨਾ ਰਿਸ਼ਤੇਦਾਰ ਨਾ ਦਿਲਬਰ
ਕਿ ਰੂਹ ਦੇ ਫ਼ਲਸਫ਼ੇ ਤੋਂ ਵੀ, ਮੈਂ ਹੋ ਕੇ ਨੰਗ ਆਇਆ ਹਾਂ

ਸਿਪਾਹੀ ਹਾਂ ਮੈਂ ਕਿੱਥੋਂ ਦਾ, ਤੇ ਮੇਰਾ ਕੌਣ ਹੈ ਦੁਸ਼ਮਣ
ਸਮੁੰਦਰ ਪਾਰ ਲੜਨੇ ਨੂੰ, ਮੈਂ ਕਿਹੜੀ ਜੰਗ ਆਇਆ ਹਾਂ

ਕੋਈ ਗੁਰ ਪੀਰ ਵੀ ਓਥੇ ਨ ਇਸ ਦਲਦਲ 'ਚੋਂ ਕੱਢ ਸਕਿਆ
ਮੈਂ ਜਾਤਾਂ ਤੋਂ ਬਿਨਾਂ ਵੱਸਣ ਦਾ, ਵੇਖਣ ਢੰਗ ਆਇਆ ਹਾਂ

ਮਧੂ ਮੱਖੀ ਤੋਂ ਚੰਗੀ ਹੈ ਇਹ ਆਦਤ ਤਿਤਲੀਆਂ ਵਰਗੀ
ਮੈਂ ਭਾਂਡੇ ਭਰਨ ਦੀ ਫ਼ਿਤਰਤ ਦਾ ਕੱਢਣ ਡੰਗ ਆਇਆ ਹਾਂ

ਇਹੋ ਮੇਰੀ ਉਦਾਸੀ ਹੈ, ਇਹ ਮੇਰਾ ਬੋਧ ਤੇ ਦਰਸ਼ਨ
ਨਵੇਂ ਯੁੱਗ ਦਾ ਮੈਂ 'ਗੌਤਮ' ਹਾਂ ਕਿ ਪਤਨੀ ਸੰਗ ਆਇਆ ਹਾਂ

ਤੂੰ ਜਿਸ ਰਸਤੇ ਇਹ ਲੱਭਿਆ ਸੀ ਉਸੇ ਰਸਤੇ ਗਵਾ ਦੇਵੀਂ
ਕਿ ਹੰਝੂ ਬਣ ਗਿਆ ਹਾਂ ਮੈਂ, ਤੂੰ ਜਦ ਮਰਜ਼ੀ ਵਹਾ ਦੇਵੀਂ

ਛਲਕਦੇ ਨੈਣ ਕੰਬਦੇ ਹੋਂਠ ਤੇ ਦਿਲ ਵਿਚ ਦੁਆ ਲੈ ਕੇ
ਮੈਂ ਤੇਰੇ ਸ਼ਹਿਰ 'ਚੋਂ ਤੁਰਿਆ ਜੇ ਹੋ ਸਕਿਆ ਭੁਲਾ ਦੇਵੀਂ

ਜਦੋਂ ਵੀ ਦਿਲ ਤੇਰਾ ਭਰਿਆ, ਜਦੋਂ ਤੂੰ ਰੋਣ ਤੋਂ ਡਰਿਆ
ਉਠਾ ਕੇ ਫੁੱਲ ਇਕ ਝੜਿਆ, ਤੂੰ ਟਹਿਣੀ 'ਤੇ ਟਿਕਾ ਦੇਵੀਂ

ਤੇਰੇ ਹਾਸੇ 'ਤੇ ਫਿਰ ਡੁੱਲ ਕੇ ਕਦੇ ਆ ਜਾਣ ਜੇ ਭੁੱਲ ਕੇ
ਇਨ੍ਹਾਂ ਯਾਦਾਂ ਨੂੰ ਉਲਫ਼ਤ ਦਾ ਜ਼ਰਾ ਝੂਲਾ ਝੁਲਾ ਦੇਵੀਂ

ਇਬਾਰਤ ਜਦ ਲਿਖੇਂਗਾ ਤੂੰ ਮੁਹੱਬਤ ਦਾ ਖ਼ੁਦਾ ਬਣ ਕੇ
ਜੋ ਮੇਰੇ ਨਾਮ ਦਾ ਹੋਇਆ ਉਹ ਅੱਖਰ ਤੂੰ ਗਿਰਾ ਦੇਵੀਂ

ਕਿਤੇ ਜੇ ਮੇਲ ਹੋਇਆ ਤਾਂ ਜੇ ਕੁਝ ਵੀ ਬੋਲ ਹੋਇਆ ਨਾ
ਜੇ ਸਜਦਾ ਵੀ ਨਾ ਹੋ ਸਕਿਆ ਤਾਂ ਬਸ ਪਲਕਾਂ ਝੁਕਾ ਦੇਵੀਂ

ਅਜੇ ਤਾਂ ਬੋਟ ਹੀ ਸੀ ਇਹ ਪਰਿੰਦਾ ਇਸ਼ਕ ਮੇਰੇ ਦਾ
ਚਲੇ ਜਾਣਾ ਇਹ ਆਪੇ ਹੀ ਜ਼ਰਾ ਉਡਣਾ ਸਿਖਾ ਦੇਵੀਂ

ਉਸ ਨੂੰ ਜੇ ਅਹਿਸਾਸ ਨਾ ਹੋਇਆ ਤਾਂ ਕੀ ਹੋਇਆ
ਸਾਰੀ ਉਮਰ ਜੇ ਹਿਜਰ ਮੈਂ ਢੋਇਆ ਤਾਂ ਕੀ ਹੋਇਆ

ਦੇਖ ਰਹੇ ਸੀ ਲੋਕ ਤਮਾਸ਼ਾ ਬਰਬਾਦੀ ਦਾ
ਉਹ ਵੀ ਜੇ ਵਿਚ ਆਣ ਖਲੋਇਆ ਤਾਂ ਕੀ ਹੋਇਆ

ਏਸ ਖਲਾਅ ਅੱਗੇ ਕੀ ਹਸਤੀ ਇਸ ਧਰਤੀ ਦੀ
ਉਸ ’ਤੇ ਵੀ ਜੇਕਰ ਮੈਂ ਮੋਇਆ ਤਾਂ ਕੀ ਹੋਇਆ

ਇਸ ਅੰਬਰ ’ਚੋਂ ਟੁੱਟੇ ਨੇ ਲੱਖਾਂ ਹੀ ਤਾਰੇ
ਤੂੰ ਵੀ ਜੇ ਇਕ ਅੱਧ ਡੁਬੋਇਆ ਤਾਂ ਕੀ ਹੋਇਆ

ਕੱਚੀਆਂ ਕੰਧਾਂ ਦੇਖ ਅਨੇਕਾਂ ਹੀ ਢਹਿ ਗਈਆਂ
ਜੇਕਰ ਤੇਰਾ ਪੱਕਾ ਚੋਇਆ ਤਾਂ ਕੀ ਹੋਇਆ

ਵਿਛੜ ਕੇ ਉਹਦੀ ਹਾਲਤ ਕੀ ਸੀ, ਬਸ ਮੈਂ ਜਾਣਾ
ਜੇ ਦੁਨੀਆ ਸਾਹਵੇਂ ਨਾ ਰੋਇਆ ਤਾਂ ਕੀ ਹੋਇਆ

ਏਥੇ ਅਪਣੀ ਗੱਲ ਕਹਿਣਾ ਵੀ ਗੱਦਾਰੀ ਜੇ
ਕੱਲ੍ਹ ਨੂੰ ਜੇਕਰ ਮੈਂ ਵੀ ਹੋਇਆ ਤਾਂ ਕੀ ਹੋਇਆ

ਮਾਂ ਦੀ ਕਬਰ ਤਾਂ ਘਰ ਵਿਚ ਹੀ ਖੋਦੀ ਬੈਠੇ ਹਾਂ
ਜੇ ਉਹ ਪੁੱਟੀ ਬੈਠੇ ਟੋਇਆ ਤਾਂ ਕੀ ਹੋਇਆ

ਵਕਤ ਇਹ ਜਾਣੇ ਨੀਅਤ ਮੇਰੀ ਤਾਂ ਸੁੱਚੀ ਸੀ
ਕੋਈ ਮਸਲਾ ਹੱਲ ਨਾ ਹੋਇਆ ਤਾਂ ਕੀ ਹੋਇਆ

ਮੈਂ ਤਾਂ ਗ਼ਜ਼ਲਾਂ ਦੇ ਵਿਚ ਹੀ ਉਸ ਨੂੰ ਜੀ ਲੈਨਾਂ
ਉਸ ਨੇ ਮੈਨੂੰ ਜੇ ਨਾ ਛੋਹਿਆ ਤਾਂ ਕੀ ਹੋਇਆ

ਉਹ ਖ਼ੁਸ਼ਬੂ ਯਾਦ ਰਹਿੰਦੀ ਹੈ, ਉਹ ਮੰਜ਼ਰ ਯਾਦ ਰਹਿੰਦਾ ਹੈ
ਜਦੋਂ ਫੁੱਲਾਂ ਜਿਹਾ ਚਿਹਰਾ, ਕਿਸੇ ਦੇ ਦਿਲ 'ਚ ਲਹਿੰਦਾ ਹੈ

ਬੜੀ ਹੀ ਗੂੜ੍ਹ ਭਾਸ਼ਾ ਹੈ, ਦਿਲਾਂ ਵਿਚਕਾਰ ਜੋ ਹੁੰਦੀ
ਉਸੇ ਨੂੰ ਸਿਰਫ਼ ਸੁਣਦੀ ਹੈ ਕਿ ਜਿਸ ਨੂੰ ਦਿਲ ਇਹ ਕਹਿੰਦਾ ਹੈ

ਰਵਾਇਤ ਹੈ ਮੁਹੱਬਤ ਦੀ, ਖ਼ਫ਼ਾ ਮਹਿਬੂਬ ਨਾ ਹੋਵੇ
ਜੋ ਆਸ਼ਕ ਹੈ ਜੋ ਦਿਲਬਰ ਹੈ, ਉਹੀ ਇਹ ਦਰਦ ਸਹਿੰਦਾ ਹੈ

ਖ਼ੁਦਾ ਤੌਫ਼ੀਕ ਹੁਣ ਬਖ਼ਸ਼ੇ, ਸਿਆਸਤ ਨੂੰ ਤੇ ਲੋਕਾਂ ਨੂੰ
ਨਾ ਪੁੱਟੋ ਨੀਂਹ ਗੁਆਂਢੀ ਦੀ ਕਿ ਘਰ ਅਪਣਾ ਵੀ ਢਹਿੰਦਾ ਹੈ

ਤੁਰਾਂ ਮੈਂ ਜਿਸ ਤਰਫ਼ ਵੀ, ਪੈਣ ਬਸ ਦੁਸ਼ਵਾਰੀਆਂ ਪੱਲੇ
ਇਹ ਦਰਿਆ ਇਸ਼ਕ ਦਾ 'ਗੌਤਮ', ਸਦਾ ਉਲਟਾ ਹੀ ਵਹਿੰਦਾ ਹੈ

ਹੁਣ ਮੈਂ ਸਰਪਟ ਦੌੜ ਰਿਹਾ ਹਾਂ ਸਿਰ ’ਤੇ ਕੋਈ ਭਾਰ ਲਈ
ਮਨ ਮਸਤਕ ਦੀ ਕੋਮਲਤਾ ਵੀ, ਰਾਹਾਂ ਵਿਚ ਖਿਲਾਰ ਲਈ

ਆਦੀ ਹਾਂ ਮੈਂ ਲਾਹ ਨਾ ਹੁੰਦਾ, ਦੁਨੀਆ ਦਾ ਇਹ ਬੋਝ ਸਿਰੋਂ
ਮੁਕਤੀ-ਮੁਕਤੀ ਕਰਦੇ ਨੇ ਮੈਂ, ਜੀਵਨ ਜੋਤ ਵਿਸਾਰ ਲਈ

ਉਂਞ ਤਾਂ ਸੀ ਉਹ ਪਰਬਤ ਵਰਗਾ, ਰਾਈ ਤੋਂ ਪਰ ਹਾਰ ਗਿਆ
ਬੇਇਖ਼ਲਾਕੇ ਇਕ ਰਿਸ਼ਤੇ ਨੇ, ਮੱਤ ਉਹਦੀ ਸੀ ਮਾਰ ਲਈ

ਰਿਸ਼ਮਾਂ ਵਰਗੇ ਚਿਹਰੇ ਦੇਖਾਂ, ਜਦ ਮੈਂ ਰੌਸ਼ਨ ਰਾਤਾਂ ਨੂੰ
ਸਾਫ਼ ਨਜ਼ਰ ਆਵੇ, ਲੌਅ ਕਿਸ ਨੇ ਕਿਸ ਤੋਂ ਅੱਜ ਉਧਾਰ ਲਈ

ਇੱਧਰ ਇਸ਼ਕ ਤੇ ਉੱਧਰ ਆਸ਼ਿਕ, ਹੱਥ ’ਚ ਡੰਡਾ ਪਹਿਰੇ ਦਾ
ਕਿਸ ਨੂੰ ਕਿੰਨੀ ਖੁੱਲ੍ਹ ਵਰਤਾਵੇ, ਮੁਸ਼ਕਿਲ ਹੈ ਦੀਵਾਰ ਲਈ

ਤੁਸਾਂ ਜਲਦੀ ਬੜੀ ਕੀਤੀ ਉਹ ਮੰਜ਼ਰ ਦੇਖ ਤਾਂ ਆਉਂਦੇ
ਕਿ ਸੁਣ ਕੇ ਸ਼ੋਰ ਮੁੜ ਆਏ ਸਮੁੰਦਰ ਦੇਖ ਤਾਂ ਆਉਂਦੇ

ਨਹੀਂ ਕਹਿੰਦਾ ਕਿ ਮੁੜ ਜਾਓ, ਜ਼ਰੂਰਤ ਮਾਂ ਨੂੰ ਪੁੱਤਰਾਂ ਦੀ
ਕਿਵੇਂ ਜ਼ਰਖੇਜ਼ ਤੋਂ ਹੋਈ ਉਹ ਬੰਜਰ ਦੇਖ ਤਾਂ ਆਉਂਦੇ

ਕੋਈ ਪਰਵਾਹ ਨਹੀਂ ਮੇਰੀ, ਪਤਾ ਹੈ ਫੇਰ ਵੀ ਆਖ਼ਿਰ
ਜੋ ਸੀਨੇ ਮਾਰ ਆਏ ਸੀ, ਉਹ ਖ਼ੰਜਰ ਦੇਖ ਤਾਂ ਆਉਂਦੇ

ਨਹੀਂ ਅਫ਼ਸੋਸ ਹੋਣਾ ਸੀ, ਜੇ ਪੋਰਸ ਵਾਂਗ ਹਰ ਜਾਂਦੇ
ਅਸੀਂ ਨਾਂ ਸੁਣਦਿਆਂ ਦੌੜੇ, ਸਿਕੰਦਰ ਦੇਖ ਤਾਂ ਆਉਂਦੇ

ਮੁੜੇ ਸਾਰੇ ਪਤਾ ਪੁੱਛ ਕੇ ਤੇ ਕਹਿ ਦਿੱਤਾ ਨਹੀਂ ਮਿਲਿਆ
ਇਹ 'ਗੌਤਮ' ਮਿਲ ਹੀ ਜਾਣਾ ਸੀ ਕਿ ਅੰਦਰ ਦੇਖ ਤਾਂ ਆਉਂਦੇ

ਦਿਖਾਈ ਹੋਰ ਦਿੰਦਾ ਤੇ ਹਕੀਕਤ ਹੋਰ ਹੈ ਏਥੇ
ਉਹੀ ਵਧ ਸ਼ੋਰ ਪਾਉਂਦਾ ਹੈ ਕਿ ਜਿਹੜਾ ਚੋਰ ਹੈ ਏਥੇ

ਬੜੀ ਤਕਲੀਫ਼ ਹੁੰਦੀ ਹੈ ਜਦੋਂ ਮੌਸਮ ਬਦਲਦਾ ਹੈ
ਹਵਾ ਦਾ ਰੁਖ਼ ਹੀ ਦਸਦਾ ਹੈ ਕਿ ਕਾਹਤੋਂ ਸ਼ੋਰ ਹੈ ਏਥੇ

ਹਰਿਕ ਦਾ ਸੱਚ ਹੈ ਅਪਣਾ ਹਰਿਕ ਦੀ ਸੋਚ ਹੈ ਅਪਣੀ
ਕਿ ਇਕ ਦਾ ਰੱਬ ਦੂਜੇ ਵਾਸਤੇ ਕੁਝ ਹੋਰ ਹੈ ਏਥੇ

ਜ਼ਰੂਰੀ ਤਾਂ ਨਹੀਂ ਦੱਸੇ ਉਹ ਸਭ ਕੁਝ ਬੋਲ ਕੇ ਮੂੰਹੋਂ
ਝੜੇ ਜੋ ਖੰਭ ਦਸਦੇ ਨੇ ਕਿ ਨੱਚਿਆ ਮੋਰ ਹੈ ਏਥੇ

ਸਿਆਸੀ ਰੰਜਿਸ਼ਾਂ ਆਖ਼ਰ ਦਿਲਾਂ ਦੇ ਤਾਰ ਜਾ ਤੋੜੇ
ਅਸਾਂ ਦੀ ਬੇਵਕੂਫ਼ੀ ਹੈ ਜੋ 'ਨ੍ਹੇਰਾ ਘੋਰ ਹੈ ਏਥੇ

ਇੱਛਾਵਾਂ ਨੇ ਮੇਰੇ ਅੰਦਰ ਜੋ ਮੈਥੋਂ ਪੁਟਵਾਈ
ਚਿੰਤਨ ਤੋਂ ਵੀ ਭਰ ਨਾ ਹੋਈ ਭਟਕਣ ਦੀ ਉਹ ਖਾਈ

ਕਿੱਥੋਂ ਸਫ਼ਰ ਸ਼ੁਰੂ ਇਹ ਹੋਇਆ ਕਿੱਥੇ ਆ ਕੇ ਮੁੱਕਾ
ਜਿਸ ਨੂੰ ਚੋਟੀ ਸਮਝ ਰਿਹਾ ਸੀ ਨਿਕਲੀ ਉਹ ਗਹਿਰਾਈ

ਚਾਨਣ ਦੀ ਅਪਣੀ ਮਜਬੂਰੀ ਅਪਣੀ ਹੈ ਮਰਿਆਦਾ
ਚਾਹ ਕੇ ਵੀ ਇਹ ਮੇਟ ਸਕੇ ਨਾ ਸ਼ੰਕਾ ਤੇ ਪਰਛਾਈ

ਹਾਲੇ ਕੰਢੇ ਪਰਖ ਰਿਹਾ, ਇਹ ਦਰਿਆ ਅੱਖ ਬਚਾ ਕੇ
ਆਬ ਉਦੋਂ ਸੈਲਾਬ ਬਣੂ ਜਦ, ਬਿਫਰਨ ਦੀ ਰੁੱਤ ਆਈ

ਦਿਲ ਵਿਚ ਰੱਖ ਮੁਹੱਬਤ ਏਦਾਂ ਜਿਉਂ ਫੁੱਲ ਵਿਚ ਖ਼ੁਸ਼ਬੋਈ
ਜਿਹੜਾ ਛੂਹੇ ਓਸੇ ਦਾ ਮਨ ਜਾਵੇ ਇਹ ਮਹਿਕਾਈ

ਪਲ ਦੇ ਵਿਚ ਸਭ ਮਹਿਕਾਂ ਉੱਡੀਆਂ ਭੌਰ ਨਜ਼ਰ ਨਾ ਆਵੇ
ਕਿਸ ਨੇ ਪੈਰ ਚਮਨ ਵਿਚ ਪਾਇਆ ਰੁੱਤ ਗਈ ਕੁਮਲਾਈ

■

ਕਰੀਂ ਮਨਜ਼ੂਰ ਤੂੰ ਮੇਰਾ ਜੋ ਲੈ ਕੇ ਪਿਆਰ ਆਇਆ ਹਾਂ
ਤੇਰੇ ਦੀਦਾਰ ਦੀ ਖ਼ਾਤਰ ਦੁਮੇਲੋਂ ਪਾਰ ਆਇਆ ਹਾਂ

ਤੇਰੀ ਮਹਿਫ਼ਲ 'ਚ ਚੰਗਾ ਹੈ ਜੋ ਹੋਇਆ ਜ਼ਿਕਰ ਫੁੱਲਾਂ ਦਾ
ਹੈ ਫੁੱਲਾਂ ਤੋਂ ਵੀ ਕੋਮਲ, ਕਰਨ ਜੋ ਇਜ਼ਹਾਰ ਆਇਆ ਹਾਂ

ਤੇਰੇ ਸਾਹਾਂ 'ਚ ਮਹਿਕਾਂਗਾ ਤੇਰੇ ਹੋਂਠਾਂ 'ਤੇ ਚਹਿਕਾਂਗਾ
ਤੇਰੇ ਰਾਹਾਂ 'ਚ ਜੋ ਖਿਲਰੇ ਚੁਗਣ ਉਹ ਖ਼ਾਰ ਆਇਆ ਹਾਂ

ਜ਼ਰਾ ਬੇਖ਼ੌਫ ਹੋ ਕਿ ਕਹਿ ਤੇਰੇ ਮਨ ਵਿਚ ਹੈ ਜੋ ਉਲਝਣ
ਮੈਂ ਵੀ ਸਿਰ ਤੋਂ ਦੀਵਾਨੇਪਣ ਦਾ ਲਾਹ ਕੇ ਭਾਰ ਆਇਆ ਹਾਂ

ਜੇ ਫੁੱਲਾਂ ਨਾਲ ਰਹਿਣਾ ਤਾਂ ਨਜ਼ਾਕਤ ਦੀ ਜ਼ਰੂਰਤ ਹੈ
ਮੁਹੱਬਤ ਤੋਂ ਕਿਤੇ ਜ਼ਿਆਦਾ ਸਦਾਕਤ ਦੀ ਜ਼ਰੂਰਤ ਹੈ

ਇਹ ਔਰਤ ਹੀ ਸਰਿਸ਼ਟੀ ਹੈ ਤੇ ਹੈ ਕੁੱਖ ਹੀ ਖ਼ੁਦਾ ਅਪਣਾ
ਇਬਾਦਤ ਦੀ ਨਹੀਂ ਇਸ ਨੂੰ ਮੁਹੱਬਤ ਦੀ ਜ਼ਰੂਰਤ ਹੈ

ਗਿਰੇ ਇਖ਼ਲਾਕ ਦਾ ਮੰਜ਼ਰ ਭਿਆਨਕ ਹੋ ਗਿਆ ਏਨਾ
ਕਿ ਬੱਚੀਆਂ ਨੂੰ ਘਰਾਂ ਵਿਚ ਵੀ ਹਿਫ਼ਾਜ਼ਤ ਦੀ ਜ਼ਰੂਰਤ ਹੈ

ਹਕੂਮਤ ਦਾ ਨਹੀਂ ਮਸਲਾ ਇਹ ਸਾਰਾ ਦੋਸ਼ ਤੰਤਰ ਦਾ
ਇਹ ਦੁਨੀਆ ਜੇ ਬਚਾਉਣੀ ਤਾਂ ਬਗ਼ਾਵਤ ਦੀ ਜ਼ਰੂਰਤ ਹੈ

ਦਿਲਾਂ ਵਿਚ ਰੱਬ ਵਸਦਾ ਜੇ ਤਾਂ ਫਿਰ ਕੀ ਲੋੜ ਮੰਦਰਾਂ ਦੀ
ਜੋ ਬੇਘਰ ਹੈ ਉਸੇ ਨੂੰ ਹੀ ਇਮਾਰਤ ਦੀ ਜ਼ਰੂਰਤ ਹੈ

ਗੁੰਮ ਗਿਆਂ ਦੀ ਸੂਚੀ ਵਿੱਚੋਂ ਹਰ ਦਿਨ ਅਪਣਾ ਨਾਵਾਂ ਲਭਦੇ
ਉਮਰ ਗਵਾਈ ਸ਼ਹਿਰ 'ਚ ਫਿਰ ਵੀ ਲੋਕ ਅਜੇ ਸਿਰਨਾਵਾਂ ਲਭਦੇ

ਰਿਸ਼ਵਤਖ਼ੋਰੀ, ਬੇਰੁਜ਼ਗਾਰੀ, ਬੇਇਨਸਾਫ਼ੀ ਦੇ ਚੱਕਰ 'ਚੋਂ
ਦੇਸੋਂ ਉਠ ਪਰਦੇਸੀ ਹੋਏ ਜਿਉਣ ਦੀਆਂ ਬਸ ਰਾਹਵਾਂ ਲਭਦੇ

ਸਿਖ਼ਰ ਦੁਪਹਿਰੇ ਚਾਨਣ ਮੋਇਆ ਲੋਕੀ ਭੱਜੇ ਇਹ ਕੀ ਹੋਇਆ
ਸੂਰਜ ਦੀ ਨਾ ਫ਼ਿਕਰ ਕਿਸੇ ਨੂੰ ਸਭ ਅਪਣਾ ਪਰਛਾਵਾਂ ਲਭਦੇ

ਨਫ਼ਰਤ ਦੇ ਵਿਚ ਠਰਦੇ ਲੋਕੀ, ਇਹ ਕੀ ਕਾਰਾ ਦਸ ਕਰ ਬੈਠੇ
ਸਾਂਝ ਦਾ ਪਿੱਪਲ ਸਾੜ ਕੇ ਭੋਲੇ ਸਿਖ਼ਰ ਦੁਪਹਿਰੇ ਛਾਵਾਂ ਲਭਦੇ

ਆਪਾ ਜਦ ਸੰਭਾਲ ਨਾ ਹੋਵੇ ਰਖਦਾ ਕੋਈ ਖ਼ਿਆਲ ਨਾ ਹੋਵੇ
ਬਚਪਨ ਨੂੰ ਕਰ ਯਾਦ ਉਦੋਂ ਸਭ, ਬੁੱਢੇ ਵਾਰੇ ਮਾਵਾਂ ਲਭਦੇ

ਜੋ ਸੂਰਜ ਦੀ ਲੋ ਖਾ ਜਾਵੇ ਜਿਸ ਤੋਂ ਅੱਗੇ ਕੁਝ ਨਾ ਜਾਵੇ
ਤੇਰੀ ਵੀ ਕੋਈ ਸੂਹ ਕੱਢਾਂਗੇ ਏਹੋ ਜਿਹੀਆਂ ਥਾਵਾਂ ਲਭਦੇ

ਇਬਾਦਤ ਰੰਗ ਲਾਉਂਦੀ ਹੈ ਸਮਾਂ ਪਾ ਕੇ, ਸਿਰੇ ਜਾ ਕੇ
ਗੁਨਾਹਾਂ ਦੀ ਸਜ਼ਾ ਮਿਲਦੀ ਸਿਰੇ ਜਾ ਕੇ, ਸਮਾਂ ਪਾ ਕੇ

ਸਵਾਲਾਂ ਤੇ ਖ਼ਿਆਲਾਂ ਵਿਚ ਮੇਰੇ ਤੂੰ ਰੋਜ਼ ਹੀ ਭਟਕੇਂ
ਬੜੀ ਬੇਤਾਬ ਹੈ ਹਸਰਤ ਕਦੇ ਤਾਂ ਮਿਲ ਵੀ ਜਾ ਆ ਕੇ

ਸਮੁੰਦਰ ਦਾ ਤੇ ਬੇੜੀ ਦਾ, ਤਾਂ ਬਸ ਪਤਵਾਰ ਦਾ ਰਿਸ਼ਤੈ
ਤੂੰ ਇਸ ਉਲਫ਼ਤ ਦੇ ਸਾਗਰ ਨੂੰ ਕਦੇ ਵੇਖੀਂ ਨਾ ਅਜ਼ਮਾ ਕੇ

ਇਹੋ ਕੁਦਰਤ ਦਾ ਪੈਮਾਨਾ ਨਾ ਦਿਲ ਹੌਲਾ ਕਰੀਂ ਅਪਣਾ
ਬਹਾਰਾਂ ਪਾਉਣ ਸਭ ਏਥੇ ਸਦਾ ਪਤਝੜ ਨੂੰ ਪਰਤਾ ਕੇ

ਮੈਂ ਸੁਣਿਆ ਹੈ ਤੁਸੀਂ ਹੁਣ ਪਾ ਲਿਆ ਫੁੱਲਾਂ ਜਿਹਾ ਰੁਤਬਾ
ਜੇ ਆਏ ਹੋ, ਚਲੇ ਜਾਣਾ ਮੇਰਾ ਆਂਗਣ ਵੀ ਮਹਿਕਾ ਕੇ

ਰਹੀ ਬਸ ਕਾਮਨਾ ਤੇ ਭੁੱਖ ਹੀ ਮਕਸਦ ਸਦਾ 'ਗੌਤਮ'
ਜਨੌਰਾਂ ਵਾਂਗ ਹੀ ਭਟਕੇ ਮਨੁੱਖੀ ਜੂਨ ਵਿਚ ਆ ਕੇ

ਜੇ 'ਨ੍ਹੇਰਾ ਦੂਰ ਕਰਨਾ ਤਾਂ ਉਹ ਆਪਾ ਆਪਣਾ ਬਾਲ਼ੇ
ਪਰਾਈ ਰੌਸ਼ਨੀ 'ਤੇ ਚੰਨ, ਐਵੇਂ ਦਾਦ ਨਾ ਭਾਲ਼ੇ

ਕਿਵੇਂ ਇਤਬਾਰ ਨਾ ਕਰੀਏ ਉਨ੍ਹਾਂ ਦੇ ਏਸ ਜਾਦੂ 'ਤੇ
ਉਹ ਸ਼ਬਦਾਂ ਦੇ ਉਜਾਲੇ ਵਿਚ ਲੁਕੋ ਲੈਂਦੇ ਨੇ ਦਿਲ ਕਾਲ਼ੇ

ਭਲਾ ਸ਼ਾਇਰ ਉਹ ਕੀ ਜਾਣੇ ਮਨੁੱਖੀ ਪੀੜ ਕੀ ਹੁੰਦੀ
ਕਿ ਜਿਹਦੇ ਸਿਰ 'ਚ ਲੱਗੇ ਨੇ ਬਜ਼ਾਰੂ ਸੋਚ ਦੇ ਜਾਲ਼ੇ

ਪਤਾ ਸੀ ਡੰਗ ਮਾਰਨਗੇ ਉਹ ਮੌਕਾ ਦੇਖ ਕੇ ਇਕ ਦਿਨ
ਤੁਸੀਂ ਵਹਿਸ਼ਤ ਜ਼ਰਾ ਦੇਖੋ ਅਸੀਂ ਸੱਪ ਫੇਰ ਵੀ ਪਾਲ਼ੇ

ਤੂੰ ਖਿੱਚ ਪਿੱਛੇ ਨੂੰ ਲੱਖ ਭਾਵੇਂ ਸਫ਼ਰ 'ਤੇ ਨਾਲ ਰੱਖਾਂਗੇ
ਸਜ਼ਾ ਤੇਰੀ ਇਹ ਬਣਦੀ ਹੈ, ਇਰਾਦੇ ਜਾਣ ਨਾ ਟਾਲ਼ੇ

ਝੁਕਾ ਕੇ ਸਿਰ ਸਦਾ ਲੰਘਣ ਉਹ ਗ਼ੈਰਤ ਦੇ ਮੁਹੱਲੇ 'ਚੋਂ
ਜਿਨ੍ਹਾਂ ਖ਼ੁਦ ਠਾਕੀਆਂ ਕਲਮਾਂ ਲਗਾਏ ਜੀਭ ਨੂੰ ਤਾਲ਼ੇ

ਸਮੇਂ ਦੀ ਪੈੜ ਨਪਦਾ ਜਦ ਇਕੱਲਾ ਰਹਿ ਗਿਆ 'ਗੌਤਮ'
ਉਦੋਂ ਫਿਰ ਯਾਦ ਆਉਣੇ ਇਹ ਨਜ਼ਾਰੇ ਮਹਿਫ਼ਲਾਂ ਵਾਲ਼ੇ

ਖ਼ੌਫ਼ ਏਨਾ ਹੈ ਦਿਲਾਂ ਵਿਚ, ਹਰ ਤਰਫ਼ ਹੀ ਕਹਿਰ ਹੈ
ਕੀ ਇਹ ਮਹਿਫ਼ਲ ਆਪਣਿਆਂ ਦੀ? ਕੀ ਇਹ ਅਪਣਾ ਸ਼ਹਿਰ ਹੈ?

ਫ਼ਿਰਕਿਆਂ ਵਿਚ ਵੰਡ ਦਿੱਤਾ, ਏਸ ਹੱਦ ਤੱਕ ਸੋਚ ਨੂੰ
ਸਭ ਦਾ ਭਾਵੇਂ ਇਕ ਹੈ ਸਾਗਰ, ਵੱਖਰੀ ਪਰ ਲਹਿਰ ਹੈ

ਆਪ ਹੀ ਫ਼ਸਲਾਂ ਤੇ ਨਸਲਾਂ ਨੂੰ ਅਸੀਂ ਬਰਬਾਦ ਕਰ
ਖ਼ੁਦ ਪਿਆ ਇਹ ਆਖਣਾ, ਪਾਣੀ ਨਹੀਂ ਇਹ ਜ਼ਹਿਰ ਹੈ

ਬੀਤ ਚੱਲੀ ਰੁੱਤ ਸੁਹਾਣੀ ਦੂਰ ਪਤਝੜ ਘੂਰਦੀ
ਵੱਟਿਆ ਜੋ ਖੱਟਿਆ ਹੁਣ, ਉਮਰ ਦਾ ਉਹ ਪਹਿਰ ਹੈ

ਸਾਫ਼ਗੋਈ ਤੁਰ ਗਈ 'ਗੌਤਮ' ਤੇਰੇ ਸੰਸਾਰ 'ਚੋਂ
ਮੈਲ਼ ਹੈ ਹੁਣ ਤਾਂ ਦਿਲਾਂ ਵਿਚ, ਰਿਸ਼ਤਿਆਂ ਵਿਚ ਗਹਿਰ ਹੈ

ਇਹ ਦੋਵੇਂ ਰਾਗ ਜੀਵਨ ਦੇ ਧੁਰੋਂ ਲੈ ਕੇ ਮੈਂ ਆਇਆ ਸੀ
ਕਿਸੇ ਨਾ ਦੱਸਿਆ ਹੱਸਣਾ, ਨਾ ਰੋਣਾ ਹੀ ਸਿਖਾਇਆ ਸੀ

ਮੁਜੱਸਮਾ ਸਾਂ ਮੈਂ, ਐ ਦੁਨੀਆ, ਮੁਹੱਬਤ ਦੀ ਹੀ ਖ਼ੁਸ਼ਬੂ ਦਾ
ਤੂੰ ਪਾ ਕੇ ਮਜ਼ਹਬ ਦਾ ਚੋਲਾ ਮੇਰਾ ਰੁਤਬਾ ਘਟਾਇਆ ਸੀ

ਮੇਰਾ ਤਨ ਹੈ ਤੇਰੀ ਦੌਲਤ, ਮੈਂ ਏਥੇ ਛੱਡ ਜਾਵਾਂਗਾ
ਉਹੀ ਬਸ ਲੈ ਕੇ ਜਾਵਾਂਗਾ ਕਿ ਜੋ ਲੈ ਕੇ ਮੈਂ ਆਇਆ ਸੀ

ਬੜੀ ਜਲਦੀ ਬਦਲਦੇ ਰੰਗ ਦੇਖੇ ਮੋਹ ਮੁਹੱਬਤ ਦੇ
ਸਮਝ ਲੱਗੀ ਨਾ ਏਥੇ ਕੌਣ ਅਪਣਾ ਸੀ, ਪਰਾਇਆ ਸੀ

ਪਰਿੰਦਾ ਉੱਡ ਗਿਆ ਪਰਦੇਸ ਜਿਹੜੇ ਸੁੱਖ ਦੀ ਖ਼ਾਤਰ
ਸਮਾਂ ਬੀਤੇ ਪਤਾ ਲੱਗੂ ਕੀ ਪਾਇਆ ਕੀ ਗਵਾਇਆ ਸੀ

ਜੇ ਤੇਰੇ ਆਸਰੇ ਰਹਿੰਦੇ ਕਦੋਂ ਦੇ ਮਰ ਗਏ ਹੁੰਦੇ
ਜੇ ਜ਼ਿੰਦਾ ਹਾਂ ਤਾਂ ਇਸ ਕਰਕੇ, ਕਿ ਖ਼ੁਦ ਨੂੰ ਆਜ਼ਮਾਇਆ ਸੀ

ਚਾਹਤ ਏਨੀ ਤੀਬਰ ਕਰ ਤੂੰ ਘੁੰਮੇ ਚਾਰ ਚੁਫ਼ੇਰਾ
ਤੇਰੇ ਸਾਹਵੇਂ ਆਣ ਖਲੋਵੇ ਐ ਬੰਦੇ ਰੱਬ ਤੇਰਾ

ਇਸ਼ਕ ਦੀ ਰਾਹ ਵਿਚ ਹੁੰਦੇ ਦੋਵੇਂ ਅੰਤਾਂ ਤੀਕ ਸਹਾਈ
ਅੰਬਰ ਵਰਗੀ ਖ਼ਾਮੋਸ਼ੀ ਤੇ ਧਰਤੀ ਵਰਗਾ ਜੇਰਾ

ਧਰਤੀ ਹੇਠਾਂ ਅਗਨੀ ਹੈ ਜਿਉਂ, ਉੱਤੇ ਏਨਾ ਪਾਣੀ
ਜਿਸ ਦੇ ਮਨ ਵਿਚ ਗਿਆਨ ਦਾ ਭਾਂਬੜ, ਸ਼ਾਂਤ ਰਹੇ ਉਹ ਚੇਹਰਾ

ਜੇ ਚਾਹੁੰਨੈਂ ਦੁਨੀਆ ਦੇ ਸਭ ਦਰਿਆ ਤੇਰੇ ਤੱਕ ਆਵਣ
ਗਹਿਰਾ ਕਰ ਤੂੰ ਚਿੰਤਨ ਤੇ ਕਰ ਸਾਗਰ ਵਰਗਾ ਘੇਰਾ

ਖ਼ੁਦ ਅਪਣੇ ਹੀ ਲੋਕਾਂ ਤੋਂ ਹੋ ਜਾਵੇਗਾ ਸ਼ਰਮਿੰਦਾ
ਕੁੱਲ ਦੁਨੀਆ ਦਾ ਮਾਲਕ ਏਥੇ ਪਾਵੇ ਜੇਕਰ ਫੇਰਾ

ਗੱਲ ਤਾਂ ਬਸ ਅਹਿਸਾਸ 'ਤੇ ਅਟਕੀ ਜਿਸ ਪਲ ਵੀ ਹੋ ਜਾਵੇ
ਹੋ ਜਾਊ ਦਿਲ ਰੌਸ਼ਨ ਉਸ ਪਲ, ਕੀ ਤੇਰਾ ਕੀ ਮੇਰਾ

ਕਾਸ਼ ਕਿ ਉਸਦਾ ਵੀ ਦਿਲ ਏਸ ਵਿਚਾਰੇ ’ਤੇ ਆ ਜਾਵੇ
ਮੇਰੀ ਡੁੱਬਦੀ ਕਿਸ਼ਤੀ ਫੇਰ ਕਿਨਾਰੇ ’ਤੇ ਆ ਜਾਵੇ

ਚੜ੍ਹ ਆਵੇਗਾ ਮੇਰਾ ਸੂਰਜ ਅੱਜ ਵੀ ਪੱਛਮ ਵੱਲੋਂ
ਜੇ ਉਹ ਵਾਲ ਸੁਕਾਉਂਦੀ ਫੇਰ ਚੁਬਾਰੇ ’ਤੇ ਆ ਜਾਵੇ

ਕੁਝ ਨਾ ਹੋਵਣ ਨਾਲ਼ੋਂ ਕੁਝ ਨਾ ਕੁਝ ਹੋਣਾ ਬਿਹਤਰ ਹੈ
ਕਾਸ਼ ਕਦੇ ਉਸਦਾ ਇਨਕਾਰ ਹੀ ਲਾਰੇ ’ਤੇ ਆ ਜਾਵੇ

ਉਹ ਚੰਨ ਤੇ ਸੂਰਜ ਵੱਲ ਸੁਣਿਆ ਤੱਕਦੇ ਰਹਿੰਦੇ ਅਕਸਰ
ਕਾਸ਼ ਨਜ਼ਰ ਉਹ ਪਿਆਰ ਭਰੀ ਇਸ ਤਾਰੇ ’ਤੇ ਆ ਜਾਵੇ

ਉਸਦੇ ਰਾਹਾਂ ਵਿਚ ਮੈਂ ਫਿਰ ਸਾਹਾਂ ਦੇ ਫੁੱਲ ਵਿਛਾਵਾਂ
ਪੈਰ ਟਿਕਾਉਂਦੀ ਉਹ ਜੇ ਇਕ ਇਸ਼ਾਰੇ ’ਤੇ ਆ ਜਾਵੇ

■

ਬਣਾ ਕੇ ਆਪਣੇ ਦਿਲ ਦਾ ਅਸਾਂ ਨੇ ਆਲ੍ਹਣਾ
ਤੇ ਉਸ ਵਿਚ ਤੇਰੀਆਂ ਯਾਦਾਂ ਦਾ ਪੰਛੀ ਪਾਲਣਾ

ਕਿਤੇ ਜਾਵੇ ਭਟਕ ਨਾ ਉਹ ਹਨੇਰੀ ਰਾਤ ਵਿਚ
ਅਸਾਂ ਹਰ ਮੋੜ 'ਤੇ ਨੈਣਾਂ ਦਾ ਦੀਵਾ ਬਾਲਣਾ

ਜਗਾਉਣੀ ਲਾਟ ਦਿਲ ਵਿਚ ਫੇਰ ਤੇਰੇ ਪਿਆਰ ਦੀ
ਬਣਾ ਕੇ ਜਿਸਮ ਅਪਣਾ ਮੋਮ ਫਿਰ ਮੈਂ ਢਾਲਣਾ

ਮੁਹੱਬਤ ਨਾ ਸਹੀ ਬਣ ਕੇ ਜੇ ਆਵੇਂ ਮੌਤ ਵੀ
ਕਸਮ ਤੇਰੀ ਹੈ ਨਾ ਇਕ ਪਲ ਵੀ ਤੈਨੂੰ ਟਾਲਣਾ

ਨਹੀਂ ਲਿਖਣੇ ਮੈਂ ਖ਼ਤ ਹੰਝੂਆਂ 'ਚ ਭਿੱਜੇ ਹੁਣ ਕਦੇ
ਇਨ੍ਹਾਂ ਹਰਫ਼ਾਂ ਦਾ ਨਾ ਹੁਣ ਹੁਸਨ ਏਦਾਂ ਗਾਲਣਾ

ਜੋ ਮੈਨੂੰ ਖ਼ੂਬਸੂਰਤ ਲੱਗਿਆ ਸੀ ਫੁੱਲ ਕਦੇ
ਉਸੇ ਨੂੰ ਤੋੜ ਕੇ ਲੈ ਜਾਂਦੀਆਂ ਸੀ ਮਾਲਣਾਂ

ਘਿਰੇ ਮੰਝਧਾਰ ਵਿਚ ਕਿਸ਼ਤੀ ਜਦੋਂ, ਪਤਵਾਰ ਨਾ ਚੱਲੇ
ਹੁਨਰ ਹੋਵੇ ਤੇ ਨਿਭ ਜਾਵੇ, ਕਦੇ ਹੰਕਾਰ ਨਾ ਚੱਲੇ

ਉਹ ਭਰ ਕੇ ਜੋਸ਼ ਵਿਚ ਹਾਮੀ, ਤੇ ਹੁਣ ਪਛਤਾ ਰਿਹਾ ਲਗਦਾ
ਹੁਣੇ ਤੋਂ ਹੀ ਕਰੇ ਅੜੀਆਂ, ਅਜੇ ਦਿਨ ਚਾਰ ਨਾ ਚੱਲੇ

ਤੇਰੇ ਹੀ ਗਿਰਦ ਪਹੀਆ ਘੁੰਮ ਰਿਹਾ ਸਾਰੇ ਜ਼ਮਾਨੇ ਦਾ
ਜੇ ਤੂੰ ਫ਼ਸਲਾਂ ਉਗਾਵੇਂ ਨਾ ਤਾਂ ਇਹ ਸੰਸਾਰ ਨਾ ਚੱਲੇ

ਮੈਂ ਕਾਣੀ ਵੰਡ ਨੂੰ ਪਾਵਾਂ, ਕਿਵੇਂ ਕਰਮਾਂ ਦਾ ਇਹ ਚੋਲ਼ਾ
ਮੁਸ਼ੱਕਤ ਕਰਨ ’ਤੇ ਵੀ ਜੇ ਮੇਰਾ ਘਰ-ਬਾਰ ਨਾ ਚੱਲੇ

ਬੜਾ ਹੀ ਕਰਜ਼ ਤੇਰੇ ’ਤੇ, ਅਸਾਂ ਕਿਰਤੀ ਗ਼ਰੀਬਾਂ ਦਾ
ਬਿਨਾਂ ਸਾਡਾ ਲਹੂ ਪੀਤੇ, ਤੇਰੀ ਸਰਕਾਰ ਨਾ ਚੱਲੇ

ਬਗ਼ਾਵਤ ਕਰ ਹੀ ਜਾਂਦੇ ਨੇ, ਹਵਾ ਪਾਣੀ ਅਤੇ ਮਿੱਟੀ
ਸਿਤਮ ਨੂੰ ਰੋਕਣੇ ਵਾਲੀ, ਜਦੋਂ ਤਲਵਾਰ ਨਾ ਚੱਲੇ

ਗੁਜ਼ਾਰਿਸ਼ ਹੀ ਕਰੀਂ ‘ਗੌਤਮ’, ਜੇ ਮਸਲਾ ਹੱਲ ਤੂੰ ਕਰਨਾ
ਅਦਾਲਤ ਇਸ਼ਕ ਦੀ ਅੱਗੇ, ਕਦੇ ਅਧਿਕਾਰ ਨਾ ਚੱਲੇ

ਇਸ਼ਕ ਦਾ ਦਰਿਆ ਪਾਰ ਕਰਾਂਗੇ ਸਹਿਜੇ-ਸਹਿਜੇ ਤਰਦੇ ਤਰਦੇ
ਦੋਵੇਂ ਪਰਲੇ ਪਾਰ ਮਿਲਾਂਗੇ ਇਉਂ ਹੀ ਕੋਸ਼ਿਸ਼ ਕਰਦੇ ਕਰਦੇ

ਤੇਰਾ ਆਉਣਾ ਜੀਵਨ ਵਿਚ ਜਿਉਂ, ਸਾਵਣ ਦੀ ਹੈ ਪਹਿਲੀ ਰਿਮ-ਝਿਮ
ਰੂਹ ਦਾ ਸੱਖਣਾਪਣ ਭਰ ਜਾਊ ਨਿੱਤ ਹੀ ਏਦਾਂ ਵਰ੍ਹਦੇ ਵਰ੍ਹਦੇ

ਆਪਣੇ ਵਿਚ ਜੇ ਚਾਹਤ ਹੋਈ ਫੇਰ ਕਿਨਾਰੇ ਕੀ ਰੋਕਣਗੇ
ਇਕ ਦੂਜੇ ਨੂੰ ਆਣ ਮਿਲਾਂਗੇ ਇਕ ਨਾ ਇਕ ਦਿਨ ਖਰਦੇ ਖਰਦੇ

ਪਿਆਰ ਦੀ ਬਾਜ਼ੀ ਪੁੱਠੀ ਹੁੰਦੀ, ਜਿਸ ਨੇ ਜਿੱਤੀ ਉਸ ਨੇ ਹਾਰੀ
ਆਖ਼ਰ ਆਪਾਂ ਵੀ ਜਿੱਤ ਜਾਣਾ ਇਕ ਦੂਜੇ ਤੋਂ ਹਰਦੇ ਹਰਦੇ

ਤੇਰੇ ਘਰ ਦੇ ਚਾਨਣ ਖ਼ਾਤਰ, ਇੰਝ ਹੀ ਸਾਰੀ ਰਾਤ ਬਲਾਂਗਾ
ਤੇਰਾ ਸੂਰਜ ਚੜ੍ਹ ਆਵੇਗਾ, ਲੋਅ ਮੇਰੀ ਦੇ ਮਰਦੇ ਮਰਦੇ

ਵਸਲ ਅਜੇ ਕੁਝ ਹੋਰ ਧੁਖਣ ਦੇ, ਤੇ ਸਾਹਾਂ ਨੂੰ ਲਾਂਬੂ ਲਾ ਦੇ
ਚੜ੍ਹ ਜਾਵੇ ਨਾ ਸੁੰਨ ਜਿਗਰ ਨੂੰ ਹਿਜਰ ਤੇਰੇ ਵਿਚ ਠਰਦੇ ਠਰਦੇ

'ਗੌਤਮ' ਏਨੀ ਸਮਝ ਮੈਂ ਪਾਈ ਪਿਆਰ, ਇਲਮ ਤੇ ਇੱਜ਼ਤ ਬਾਰੇ
ਮੇਰੀ ਝੋਲੀ ਵੀ ਭਰ ਜਾਊ ਤੇਰੀ ਝੋਲੀ ਭਰਦੇ ਭਰਦੇ

ਇਹ ਮੌਸਮ ਫੇਰ ਬਦਲੇਗਾ ਨਾ ਭੇੜੋ ਆਸ ਦੇ ਬੂਹੇ
ਹਮੇਸ਼ਾ ਰੱਖਿਓ ਖੁੱਲ੍ਹੇ ਤੁਸੀਂ ਵਿਸ਼ਵਾਸ ਦੇ ਬੂਹੇ

ਦਿਲਾਂ 'ਚੋਂ ਬੇਯਕੀਨੀ ਦਾ ਇਹ ਝੱਖੜ ਲੰਘ ਹੀ ਜਾਊ
ਫੜੀ ਰੱਖਿਓ ਤੁਸੀਂ ਘੁਟ ਕੇ ਜ਼ਰਾ ਧਰਵਾਸ ਦੇ ਬੂਹੇ

ਤੇਰੇ ਦਰ 'ਤੇ ਕਈ ਵਾਰੀ ਮੈਂ ਖੁਸ਼ਬੂ ਬਣ ਕੇ ਆਇਆ ਸੀ
ਤੇਰੇ ਤੋਂ ਹੀ ਨਹੀਂ ਖੁੱਲ੍ਹੇ ਕਦੇ ਅਹਿਸਾਸ ਦੇ ਬੂਹੇ

ਲੁਕਾਉਂਦਾ ਮੈਂ ਰਿਹਾ ਦੁਨੀਆ ਤੋਂ ਤੇਰੀ ਔੜ ਨੂੰ ਐਪਰ
ਬੜੇ ਬਦਨਾਮ ਕਰ ਦਿੱਤੇ ਤੂੰ ਮੇਰੀ ਪਿਆਸ ਦੇ ਬੂਹੇ

ਜੇ ਖੋਲ੍ਹੋਗੇ ਤਾਂ ਜਾਣੋਗੇ ਕਿ ਹੁਣ ਕਿੱਥੋਂ ਕਿਧਰ ਜਾਣਾ
ਹਮੇਸ਼ਾ ਰਾਹ ਭਵਿਖ ਦਾ ਖੋਲ੍ਹਦੇ ਇਤਿਹਾਸ ਦੇ ਬੂਹੇ

ਜੇ ਅਪਣੇ ਪੁਰਖਿਆਂ ਦੇ ਦੇਸ਼ ਵਿੱਚੋਂ ਚੋਗ ਨਾ ਲੱਭੇ
ਪਰਿੰਦੇ ਖੋਲ੍ਹ ਹੀ ਲੈਂਦੇ ਉਦੋਂ ਪਰਵਾਸ ਦੇ ਬੂਹੇ

ਨਾ ਹੀ ਖੁੱਲ੍ਹੇ ਨਾ ਹੀ ਟੁੱਟੇ, ਇਹ ਮੇਰੀ ਪੀੜ ਤੋਂ 'ਗੌਤਮ'
ਬਣੇ ਸੀ ਓਸ ਦੇ ਦਿਲ ਦੇ ਪਤਾ ਨਹੀਂ ਕਾਸਦੇ ਬੂਹੇ

ਖ਼ਾਮੋਸ਼ੀਆਂ ਦਾ ਪਰਦਾ ਜਦ ਤਾਰ-ਤਾਰ ਹੋਇਆ
ਲੱਗ ਕੇ ਗਲੇ ਉਹ ਮੇਰੇ ਸੀ ਜ਼ਾਰ-ਜ਼ਾਰ ਰੋਇਆ

ਸ਼ਬਦਾਂ ਤੋਂ ਪਾਰ ਦੀ ਸੀ ਉਹ ਵੇਦਨਾ ਦੀ ਭਾਸ਼ਾ
ਹਰ ਅੱਥਰੂ ਦੇ ਵਿਚ ਜਿਉਂ ਆਪਾ ਸੀ ਉਸ ਪਰੋਇਆ

ਸੋਚਾਂ ਸਦਾ ਮੈਂ ਏਹੋ ਵਿਛੜਨ ਸਮੇਂ ਹੀ ਕਿਉਂ ਤੂੰ
ਸਭ ਕੁਝ ਉਲਾਰ ਦਿੱਤਾ ਦਿਲ ਵਿਚ ਸੀ ਜੋ ਲਕੋਇਆ

ਹੁਣ ਤੇਰਿਆਂ ਕਰਾਰਾਂ, ਜੀਣਾ ਮੁਹਾਲ ਕੀਤਾ
ਤੇਰੀ ਰਜ਼ਾ ਦਾ ਮੈਥੋਂ ਜਾਂਦਾ ਨਾ ਭਾਰ ਢੋਇਆ

ਤੈਥੋਂ ਮਿਲੀ ਸਜ਼ਾ ਵਿਚ ਕੁਝ ਖ਼ਾਮੀਆਂ ਸੀ ਤਾਹੀਂ
ਇੱਕੋ ਗੁਨਾਹ ਹੀ ਮੈਥੋਂ ਜੋ ਵਾਰ ਵਾਰ ਹੋਇਆ

ਇਹ ਇਸ਼ਕ ਦਾ ਜੋ ਬੂਹਾ, ਕੁਝ ਸੋਚ ਕੇ ਹੀ ਭੇੜੀਂ
ਖੁੱਲ੍ਹਣਾ ਨਹੀਂ ਦੁਬਾਰਾ ਇਕ ਵਾਰ ਜੇ ਤੂੰ ਢੋਇਆ

ਯਾਦਾਂ ਦੇ ਜੰਗਲਾਂ ’ਚੋਂ ਹੁਣ ਵੀ ਜਦੋਂ ਉਹ ਗੁਜ਼ਰੇ
‘ਗੌਤਮ’ ਨੂੰ ਜਾਪਦੈ ਜਿਉਂ, ਰੂਹ ਦਾ ਦੀਦਾਰ ਹੋਇਆ